## ਅਧਿਆਇ 1

# ਪ੍ਰੇਰਣਾ

## ਸਲਾਮ (1:1, 2)

**[1]ਲਿਖਤੁਮ ਪੌਲੁਸ ਅਤੇ ਸਿਲਵਾਨੁਸ ਅਤੇ ਤਿਮੋਥਿਉਸ, ਅੱਗੇ ਜੋਗ ਥੱਸਲੁਨੀਕੀਆਂ ਦੀ ਕਲੀਸਿਯਾ ਨੂੰ ਜਿਹੜੀ ਸਾਡੇ ਪਿਤਾ ਪਰਮੇਸ਼ੁਰ ਅਤੇ ਪ੍ਰਭੂ ਯਿਸੂ ਮਸੀਹ ਵਿੱਚ ਹੈ। [2]ਪਿਤਾ ਪਰਮੇਸ਼ੁਰ ਅਤੇ ਪ੍ਰਭੂ ਯਿਸੂ ਮਸੀਹ ਦੀ ਵੱਲੋਂ ਤੁਹਾਨੂੰ ਕਿਰਪਾ ਅਤੇ ਸ਼ਾਂਤੀ ਹੁੰਦੀ ਰਹੇ।**

**ਆਇਤਾਂ 1, 2.** ਸਲਾਮ ਲਗਭਗ ਪਹਿਲਾ ਥੱਸਲੁਨੀਕੀਆਂ ਦੇ ਸਲਾਮ ਦੇ ਸਮਾਨ ਹੈ, ਸਿਵਾਏ ਇਸ ਤੋਂ ਕਿ ਇੱਥੇ ਪੌਲੁਸ ਨੇ **ਪਿਤਾ** (πατήρ, *ਪੇਟਰ*) ਤੋਂ ਪਹਿਲਾਂ **ਸਾਡੇ** (ἡμῶν, *ਹੀਮੋਨ*) ਸ਼ਬਦ ਜੋੜ ਦਿੱਤਾ (1 ਥੱਸਲੁਨੀਕੀਆਂ 1:1 ਤੇ ਚਰਚਾ ਵੇਖੋ)। ਏ. ਟੀ. ਰੌਬਰਟਸਨ ਨੇ ਲਿਖਿਆ, "ਯਿਸੂ ਨੂੰ ਪਰਮੇਸ਼ੁਰ ਦੇ ਬਰਾਬਰ ਰੱਖਿਆ ਗਿਆ ਹੈ, ਹਾਲਾਂਕਿ ਇੱਕ ਸਮਾਨ ਨਹੀਂ।" ਰੌਬਰਟਸਨ ਨੇ ਇਹ ਵੀ ਟਿੱਪਣੀ ਕੀਤੀ ਸੀ ਕਿ ਪੂਰਵ-ਸਰਗ ἀπό (*ਅਪੋ*, **ਵੱਲੋਂ**) ਜਿਹੜਾ 2 ਥੱਸਲੁਨੀਕੀਆਂ 1:2 ਵਿੱਚ ਆਉਂਦਾ ਹੈ, ਇਹ ਇਸ਼ਾਰਾ ਕਰ ਰਿਹਾ ਹੈ ਕਿ ਪਿਤਾ ਅਤੇ ਪੁੱਤ੍ਰ "ਕਿਰਪਾ ਅਤੇ ਸ਼ਾਂਤੀ ਦੇ ਸਰੋਤ ਅਤੇ ਵਸੀਲੇ ਹਨ।"[1]

## ਥੱਸਲੁਨੀਕੀਆਂ ਦੇ ਧੀਰਜ ਲਈ ਧੰਨਵਾਦ (1:3, 4)

**[3]ਹੇ ਭਰਾਵੋ, ਜਿਵੇਂ ਜੋਗ ਹੈ ਸਾਨੂੰ ਤੁਹਾਡੇ ਲਈ ਸਦਾ ਪਰਮੇਸ਼ੁਰ ਦਾ ਧੰਨਵਾਦ ਕਰਨਾ ਚਾਹੀਦਾ ਹੈ ਇਸ ਲਈ ਜੋ ਤੁਹਾਡੀ ਨਿਹਚਾ ਅੱਤ ਵਧਦੀ ਜਾਂਦੀ ਹੈ ਅਤੇ ਤੁਸਾਂ ਸਭਨਾਂ ਦਾ ਪ੍ਰੇਮ ਇੱਕ ਦੂਏ ਨਾਲ ਬਹੁਤਾ ਹੁੰਦਾ ਜਾਂਦਾ ਹੈ। [4]ਐਥੋਂ ਤੋੜੀ ਜੋ ਤੁਹਾਡੇ ਉਸ ਧੀਰਜ ਅਤੇ ਨਿਹਚਾ ਦੇ ਕਾਰਨ ਜੋ ਤੁਸੀਂ ਜ਼ੁਲਮ ਅਤੇ ਬਿਪਤਾ ਦੇ ਝੱਲਣ ਵਿੱਚ ਰੱਖਦੇ ਹੋ ਅਸੀਂ ਪਰਮੇਸ਼ੁਰ ਦੀਆਂ ਸਾਰੀਆਂ ਕਲੀਸਿਯਾਂ ਵਿੱਚ ਤੁਹਾਡੇ ਉੱਤੇ ਅਭਮਾਨ ਕਰਦੇ ਹਾਂ।**

**ਆਇਤ 3.** ਇਸ ਆਇਤ ਵਿੱਚ ਦੋ ਪੱਤ੍ਰੀਆਂ ਵਿਚਕਾਰ ਸਮਾਨਤਾਵਾਂ ਜਾਰੀ ਰਹਿੰਦੀਆਂ ਹਨ। 1 ਥੱਸਲੁਨੀਕੀਆਂ 1:2, 3 ਵਿੱਚ, ਪੌਲੁਸ ਨੇ ਕਿਹਾ ਕਿ ਉਸ ਨੇ ਉਨ੍ਹਾਂ ਦੇ ਲਈ ਧੰਨਵਾਦ ਕੀਤਾ, ਜੋ ਕਿ ਉਸ ਨੇ ਇੱਥੇ ਫੇਰ ਕੀਤਾ ਹੈ। ਖਾਸ ਤੌਰ ਤੇ, 1 ਥੱਸਲੁਨੀਕੀਆਂ 1:3 ਵਿੱਚ, ਪੌਲੁਸ ਨੇ ਉਨ੍ਹਾਂ ਦੇ "ਨਿਹਚਾ ਦੇ ਕੰਮ," "ਪ੍ਰੇਮ ਦੀ ਮਿਹਨਤ" ਅਤੇ "ਆਸਾ ਦੀ ਧੀਰਜ" ਦੀ ਗੱਲ ਕੀਤੀ ਸੀ। ਇੱਥੇ ਉਸ ਨੇ ਕਿਹਾ ਹੈ ਕਿ ਉਨ੍ਹਾਂ ਦੀ **ਨਿਹਚਾ ਅੱਤ ਵੱਧਦੀ ਜਾਂਦੀ ਹੈ** ਅਤੇ ਉਨ੍ਹਾਂ ਦਾ **ਪ੍ਰੇਮ . . . ਬਹੁਤਾ ਹੁੰਦਾ ਜਾਂਦਾ ਹੈ** ਅਤੇ ਉਸ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਉਹ ਧੀਰਜ ਵਿਖਾ ਰਹੇ ਸਨ। ਇਸ ਲਈ, ਆਸਾ ਜਿਹੜੀ ਧੀਰਜ ਨੂੰ ਪ੍ਰੇਰਿਤ ਕਰਦੀ ਹੈ ਹਾਲੇ ਵੀ

ਉਨ੍ਹਾਂ ਵਿੱਚ ਮੌਜੂਦ ਸੀ। ਅਸੀਂ ਵੇਖਦੇ ਹਾਂ ਕਿ ਉਹ ਵੱਧ ਰਹੇ ਸਨ ਅਤੇ ਸਿਆਣੇ ਹੁੰਦੇ ਜਾ ਰਹੇ ਸਨ। ਦਰਅਸਲ, ਉਹ ਕਹਿ ਰਿਹਾ ਸੀ ਕਿ 1 ਥੱਸਲੁਨੀਕੀਆਂ 3:10–12 ਦੀ ਉਸ ਦੀ ਪ੍ਰਾਰਥਨਾ ਦਾ ਉੱਤਰ ਮਿਲ ਗਿਆ ਹੈ। ਇਸ ਤੋਂ ਇਲਾਵਾ, ਉਸ ਨੇ ਇਹ ਸਪੱਸ਼ਟ ਕੀਤਾ ਕਿ ਇਹ ਪ੍ਰੇਮ ਇੱਕ ਦੂਏ ਉਨ੍ਹਾਂ ਵਿੱਚ ਮਿਲਦਾ ਸੀ, ਸਗੋਂ ਉਨ੍ਹਾਂ ਵਿੱਚ ਵੀ ਜਿਨ੍ਹਾਂ ਨੂੰ ਪਹਿਲੀ ਪੱਤ੍ਰੀ ਵਿੱਚ ਉਹ ਝਿੜਕਣ ਦੇ ਲਈ ਮਜ਼ਬੂਰ ਹੋ ਗਿਆ ਸੀ। ਝਿੜਕਣ ਦਾ ਅਰਥ ਠੁਕਰਾਉਣਾ ਨਹੀਂ ਹੈ। ਕੋਈ ਵਿਅਕਤੀ ਸੰਗਤੀ ਵਿੱਚੋਂ ਸਿਰਫ ਤਦ ਹੀ ਠੁਕਰਾਇਆ ਜਾਂਦਾ ਹੈ ਜਦੋਂ ਉਹ ਕਈ ਤਰ੍ਹਾਂ ਦੀਆਂ ਵੱਖ-ਵੱਖ ਚਿਤਾਵਨੀਆਂ ਦੇਣ ਤੋਂ ਬਾਅਦ ਵੀ ਬਾਰ-ਬਾਰ ਤੌਬਾ ਕਰਨ ਤੋਂ ਇਨਕਾਰ ਕਰਦਾ ਹੈ (ਤੀਤੁਸ 3:10, 11)।

ਇਨ੍ਹਾਂ ਭਰਾਵਾਂ ਦੇ ਲਈ ਪ੍ਰਾਰਥਨਾ ਕਰਨ ਵਾਸਤੇ ਪੌਲੁਸ ਦੀ ਜ਼ਿੰਮੇਵਾਰੀ ਦੀ ਭਾਵਨਾ ਤੇ ਵੀ ਗੌਰ ਕਰੋ। **ਸਾਨੂੰ ਤੁਹਾਡੇ ਲਈ ਸਦਾ ਪਰਮੇਸ਼ੁਰ ਦਾ ਧੰਨਵਾਦ ਕਰਨਾ ਚਾਹੀਦਾ ਹੈ।** ਉਸ ਨੇ ਇੱਕ ਅਜਿਹਾ ਸ਼ਬਦ ਵਰਤਿਆ ਜਿਹੜਾ ਗੰਭੀਰ ਜ਼ਿੰਮੇਵਾਰੀ ਵੱਲ ਇਸ਼ਾਰਾ ਕਰਦਾ ਹੈ। "ਸਾਨੂੰ ਚਾਹੀਦਾ ਹੈ," ਸ਼ਬਦ ਯੂਨਾਨੀ ਸ਼ਬਦ ὀφείλω (*ਓਫੀਲੋ*) ਤੋਂ ਆਉਂਦਾ ਹੈ ਜਿਸ ਦਾ ਅਰਥ ਹੈ "ਦੇਣਦਾਰ ਹੋਣਾ ਜਿਵੇਂ ਕਿ ਪੈਸਾ, ਲੂਕਾ 7:41; ਕੁਝ ਕੰਮਾਂ ਨੂੰ ਕਰਨ ਦੇ ਲਈ ਜ਼ਿੰਮੇਵਾਰੀ ਅਧੀਨ ਹੋਣਾ।"[2] ਪੌਲੁਸ ਥੱਸਲੁਨੀਕੀਆਂ ਦੇ ਲਈ ਅਤੇ ਉਨ੍ਹਾਂ ਦੀ ਵਧਦੀ ਨਿਹਚਾ ਅਤੇ ਪ੍ਰੇਮ ਦੇ ਲਈ ਧੰਨਵਾਦ ਦੇਣ ਅਤੇ ਪਰਮੇਸ਼ੁਰ ਦੀ ਉਸਤਤ ਕਰਨ ਦਾ ਜ਼ਿੰਮੇਵਾਰ ਸੀ।

ਨਿਸ਼ਚਤ ਤੌਰ ਤੇ ਇਹ ਪ੍ਰੇਮ ਦੀ ਮਜ਼ਬੂਰੀ ਸੀ ਜਿਸ ਨੇ ਪੌਲੁਸ ਨੂੰ ਇੰਨਾ ਜ਼ਿਆਦਾ ਜ਼ਿੰਮੇਵਾਰ ਮਹਿਸੂਸ ਕਰਵਾਇਆ ਸੀ (2 ਕੁਰਿੰਥੀਆਂ 5:14)। ਜਦੋਂ ਸਾਡੇ ਅੰਦਰ ਵੀ ਇਹੋ ਜਿਹਾ ਪ੍ਰੇਮ ਹੁੰਦਾ ਹੈ ਤਾਂ ਅਸੀਂ ਵੀ ਉਹੋ ਜਿਹੀ ਜ਼ਿੰਮੇਵਾਰੀ ਨੂੰ ਮਹਿਸੂਸ ਕਰਦੇ ਹਾਂ।

**ਆਇਤ 4.** ਜਿਵੇਂ ਪੌਲੁਸ ਦਾ ਨੇੜੇ-ਤੇੜੇ—ਸ਼ਾਇਦ ਕੁਰਿੰਥੁਸ ਅਤੇ ਆਲੇ-ਦੁਆਲੇ ਦਾ ਇਲਾਕਾ ਜਿੱਥੇ ਉਸ ਨੇ ਕੰਮ ਕੀਤਾ ਸੀ-ਦੇ ਹੋਰਨਾਂ ਭਰਾਵਾਂ ਨਾਲ ਸੰਪਰਕ ਸੀ, ਉਸ ਨੇ ਦੂਜਿਆਂ ਨੂੰ ਦੱਸਿਆ ਕਿ ਉਸ ਨੂੰ ਥੱਸਲੁਨੀਕੀਆਂ ਤੇ ਕਿੰਨਾ ਜ਼ਿਆਦਾ ਮਾਣ ਸੀ। **ਅਸੀਂ ਪਰਮੇਸ਼ੁਰ ਦੀਆਂ ਸਾਰੀਆਂ ਕਲੀਸਿਯਾਂ ਵਿੱਚ ਤੁਹਾਡੇ ਉੱਤੇ ਅਭਮਾਨ ਕਰਦੇ ਹਾਂ।** ਉਹ ਸੰਭਵ ਤੌਰ ਤੇ ਉਨ੍ਹਾਂ ਨੂੰ ਇਹ ਦੱਸ ਰਿਹਾ ਸੀ ਕਿ ਉਹ ਬਰਾਬਰੀ ਦੇ ਯੋਗ ਹਨ। "ਅਭਮਾਨ ਕਰਨਾ," ਜਾਂ ਡੀਂਗ ਮਾਰਨਾ, ਸ਼ਬਦ ਦਾ ਅਨੁਵਾਦ ਯੂਨਾਨੀ ਸ਼ਬਦ ἐγκαυχάομαι (*ਈਗਕਾਉਚਾਓਮਾਈ*) ਤੋਂ ਕੀਤਾ ਗਿਆ ਹੈ ਜਿਹੜਾ ਕਿ ਨਵੇਂ ਨੇਮ ਵਿੱਚ ਸਿਰਫ ਇੱਥੇ ਵਰਤਿਆ ਗਿਆ ਹੈ। ਇਹ "ਦੋ *ਏਨ* (ਵਿੱਚ) ਵਾਕਾਂ ਦਾ ਸੰਚਾਲਨ ਕਰਦਾ ਹੈ, ਪੁਰਾਣਾ ਜੋ ਹੈ ਉਹ ਅਭਮਾਨ ਦੇ ਪਾਤਰ ਨੂੰ ਸਪੱਸ਼ਟ ਕਰਦਾ ਹੈ ਅਤੇ ਨਵਾਂ ਅਭਮਾਨ ਦੇ ਥਾਂ ਨੂੰ।"[3] ਰੌਬਰਟ ਐਲ. ਥੋਮਸ ਨੇ ਥੱਸਲੁਨੀਕੀਆਂ ਨੂੰ *ਪਾਤਰ* ਅਤੇ ਹੋਰਨਾਂ ਕਲੀਸੀਆਵਾਂ/ਮੰਡਲੀਆਂ ਨੂੰ *ਥਾਂ* ਸਮਝਿਆ ਸੀ ਜਿੱਥੇ ਅਭਮਾਨ ਕੀਤਾ ਜਾਂਦਾ ਸੀ।

ਥੱਸਲੁਨੀਕੀਆਂ ਦੀਆਂ ਖਾਸ ਵਿਸ਼ੇਸ਼ਤਾਵਾਂ ਜਿਨ੍ਹਾਂ ਬਾਰੇ ਪੌਲੁਸ ਨੇ ਅਭਮਾਨ ਕੀਤਾ ਸੀ ਉਨ੍ਹਾਂ ਦਾ **ਧੀਰਜ**—ਸਰਗਰਮ ਅਤੇ ਤੇਜਸਵੀ ਸਥਿਰਤਾ—ਅਤੇ ਉਨ੍ਹਾਂ ਦੀ **ਨਿਹਚਾ**—ਪਰਮੇਸ਼ੁਰ ਉੱਤੇ ਭਰੋਸਾ ਅਤੇ ਵਿਸ਼ਵਾਸ—ਸੀ ਜੋ ਉਨ੍ਹਾਂ ਨੇ **ਸਤਾਵਾਂ ਅਤੇ ਦੁੱਖਾਂ** ਵਿੱਚ ਵੀ ਵਿਖਾਇਆ ਸੀ (ਵੇਖੋ 1:6)। ਪਹਿਲਾ ਥੱਸਲੁਨੀਕੀਆਂ 2:14 ਇਸ਼ਾਰਾ ਕਰਦੀ ਸੀ ਕਿ ਉਨ੍ਹਾਂ ਨੇ ਉਨ੍ਹਾਂ ਦੇ "ਆਪਣੇ ਦੇਸ਼ਵਾਸੀਆਂ" ਦੇ ਹੱਥੋਂ ਦੁੱਖ ਝੱਲਿਆ ਸੀ, ਪਰ ਅਸੀਂ ਜਾਣਦੇ ਹਾਂ ਕਿ ਉਨ੍ਹਾਂ ਦੇ ਸਤਾਵ ਸਭ ਤੋਂ ਪਹਿਲਾਂ ਯਹੂਦੀਆਂ ਦੁਆਰਾ ਉਕਸਾਏ ਗਏ ਸਨ (ਵੇਖੋ ਰਸੂਲਾਂ ਦੇ ਕਰਤੱਬ 17:1–9)। ਇਸ ਆਇਤ ਵਿੱਚ ਵਰਤੇ ਗਏ ਕਿਰਿਆ ਕਾਲ ਸ਼ਬਦ **ਝੱਲਣ ਵਿੱਚ** ਤੋਂ ਇਹ

ਸਪੱਸ਼ਟ ਹੋ ਜਾਂਦਾ ਹੈ ਕਿ ਉਹ ਉਸ ਪਲ ਵੀ ਸਤਾਓ ਝੱਲ ਰਹੇ ਸਨ ਜਦੋਂ ਪੌਲੁਸ ਨੇ ਇਹ ਪੱਤ੍ਰੀ ਲਿਖੀ। ਫਿਰ ਵੀ, ਜ਼ੋਰ ਇਸ ਗੱਲ ਤੇ ਹੈ ਕਿ ਉਹ ਸਤਾਓ ਦੇ ਬਾਵਜੂਦ ਵੀ ਬੜੀ ਬਹਾਦਰੀ ਨਾਲ ਅੱਗੇ ਨੂੰ ਵਧਦੇ ਜਾ ਰਹੇ ਸਨ।

ਜਿਹੜੇ ਲੋਕ ਪੌਲੁਸ ਦੁਆਰਾ ਬਦਲੇ ਜਾਂ ਮਸੀਹ ਵਿੱਚ ਆਏ ਸਨ ਪੌਲੁਸ ਉਨ੍ਹਾਂ ਦੀਆਂ ਸਮੱਸਿਆਵਾਂ ਤੇ ਧਿਆਨ ਕੇਂਦਰਿਤ ਕਰਨ ਤੋਂ ਪਹਿਲਾਂ ਜਿਨ੍ਹਾਂ ਵਿੱਚ ਬਦਲਾਅ ਕਰਨ ਦੀ ਲੋੜ ਸੀ ਉਨ੍ਹਾਂ ਲੋਕਾਂ ਦੇ ਜੀਵਨ ਦੇ ਸਕਾਰਾਤਮਕ ਖੇਤਰਾਂ ਦੀ ਸ਼ਲਾਘਾ ਕਰਨ ਦੇ ਮੌਕੇ ਤੋਂ ਕਦੀ ਨਹੀਂ ਖੁੰਝਿਆ। ਇਸ ਲਈ, ਉਨ੍ਹਾਂ ਦੇ ਆਪਣੀਆਂ ਗਲਤੀਆਂ ਨੂੰ ਸੁਧਾਰਣ ਲਈ ਤਾੜਨਾਵਾਂ ਨੂੰ ਸਵੀਕਾਰ ਕਰਨ ਦੀਆਂ ਸੰਭਾਵਨਾਵਾਂ ਬਹੁਤ ਜ਼ਿਆਦਾ ਸਨ (2:1–3; 3:6–15)।

ਪੌਲੁਸ ਨੇ ਵੱਖ-ਵੱਖ ਮੰਡਲੀਆਂ ਨੂੰ "ਪਰਮੇਸ਼ੁਰ ਦੀਆਂ ਕਲੀਸਿਯਾਂ" (ਜਾਂ "ਪਰਮੇਸ਼ੁਰ ਦੀਆਂ ਕਲੀਸੀਆਵਾਂ"; NIV) ਕਿਹਾ। ਉਹ ਕੁਰਿੰਥੁਸ, ਅਥੇਨੈ, ਬਿਰਿਯਾ ਅਤੇ ਹੋਰ ਕਈ ਥਾਵਾਂ ਤੇ ਜੋ ਮੰਡਲੀਆਂ ਸਨ ਉਨ੍ਹਾਂ ਦਾ ਵਰਣਨ ਕਰ ਰਿਹਾ ਸੀ, ਪਰ ਇਹ ਅਹੁਦਾ ਇੱਕ ਉੱਚਿਤ ਨਾਂਅ ਨਹੀਂ ਸੀ। ਜ਼ਿਆਦਾਤਰ ਅਨੁਵਾਦਾਂ ਵਿੱਚ, ਕਲੀਸਿਯਾਂ ਸ਼ਬਦ ਵਿੱਚ ਵੱਡੇ ਅੱਖਰ ਦੀ ਗੈਰ-ਮੌਜੂਦਗੀ ਤੇ ਧਿਆਨ ਦਿਓ। ਬਲਕਿ, ਇਹ ਵਾਕ ਵਰਣਨਾਤਮਕ ਹੈ, ਜਿਹੜਾ ਅਧਿਕਾਰ ਨੂੰ ਵਿਖਾਉਂਦਾ ਹੈ :ਉਹ ਪਰਮੇਸ਼ੁਰ ਦੇ ਸਨ। ਇਹੋ ਗੱਲ "ਮਸੀਹ ਦੀਆਂ ਕਲੀਸਿਯਾਂ" ਬਾਰੇ ਸੱਚ ਹੈ ਜਿਵੇਂ ਕਿ ਰੋਮੀਆਂ 16:16 ਵਿੱਚ ਇਹ ਸ਼ਬਦ ਵਰਤਿਆ ਗਿਆ ਹੈ। ਦੋਵੇਂ ਸ਼ਬਦ ਪਰਮੇਸ਼ੁਰ ਦੇ ਲੋਕਾਂ ਦੀਆਂ ਮੰਡਲੀਆਂ ਦਾ ਵਰਣਨ ਕਰਨ ਲਈ ਪਵਿੱਤਰ ਵਚਨ ਦੇ ਤਰੀਕੇ ਹਨ।

## ਪਰਮੇਸ਼ੁਰ ਦਾ ਜਥਾਰਥ ਨਿਆਂ ਅਤੇ ਮਸੀਹ ਦੀ ਦੂਜੀ ਆਮਦ (1:5-10)

**5ਇਹ ਪਰਮੇਸ਼ੁਰ ਦੇ ਜਥਾਰਥ ਨਿਆਉਂ ਦਾ ਪਰਮਾਣ ਹੈ ਭਈ ਤੁਸੀਂ ਪਰਮੇਸ਼ੁਰ ਦੇ ਰਾਜ
ਦੇ ਜੋਗ ਗਿਣੇ ਜਾਓ ਜਿਹ ਦੇ ਲਈ ਤੁਸੀਂ ਦੁਖ ਵੀ ਭੋਗਦੇ ਹੋ। 6ਕਿਉਂ ਜੋ ਪਰਮੇਸ਼ੁਰ ਦੇ
ਭਾਣੇ ਇਹ ਨਿਆਉਂ ਦੀ ਗੱਲ ਹੈ ਭਈ ਜਿਹੜੇ ਤੁਹਾਨੂੰ ਦੁਖ ਦਿੰਦੇ ਹਨ ਓਹਨਾਂ ਨੂੰ ਦੁਖ
ਦੇਵੇ। 7ਅਤੇ ਤੁਹਾਨੂੰ ਜਿਹੜੇ ਦੁਖ ਪਾਉਂਦੇ ਹੋ ਸਾਡੇ ਨਾਲ ਸੁਖ ਦੇਵੇ ਉਸ ਸਮੇਂ ਜਾ ਪ੍ਰਭੂ
ਯਿਸੂ ਆਪਣੇ ਬਲਵੰਤ ਦੂਤਾਂ ਸਣੇ ਭੜਕਦੀ ਅੱਗ ਵਿੱਚ ਅਕਾਸ਼ੋਂ ਪਰਗਟ ਹੋਵੇਗਾ। 8ਅਤੇ
ਜਿਹੜੇ ਪਰਮੇਸ਼ੁਰ ਨੂੰ ਨਹੀਂ ਜਾਣਦੇ ਅਤੇ ਸਾਡੇ ਪ੍ਰਭੂ ਯਿਸੂ ਦੀ ਇੰਜੀਲ ਨੂੰ ਨਹੀਂ ਮੰਨਦੇ
ਓਹਨਾਂ ਨੂੰ ਬਦਲਾ ਦੇਵੇਗਾ। 9ਓਹ ਸਜ਼ਾ ਭੋਗਣਗੇ ਅਰਥਾਤ ਪ੍ਰਭੂ ਦੇ ਹਜ਼ੂਰੋਂ ਅਤੇ ਉਹ ਦੀ
ਸਮਰੱਥਾ ਦੇ ਤੇਜ ਤੋਂ ਸਦਾ ਦਾ ਵਿਨਾਸ। 10ਉਸ ਦਿਨ ਜਦ ਉਹ ਆਵੇਗਾ ਭਈ ਆਪਣਿਆਂ
ਸੰਤਾਂ ਵਿੱਚ ਵਡਿਆਇਆ ਜਾਵੇ ਅਤੇ ਸਾਰੇ ਨਿਹਚਾਵਾਨਾਂ ਵਿੱਚ ਅਚਰਜ ਮੰਨਿਆ ਜਾਵੇ
ਕਿਉਂਕਿ ਤੁਹਾਥੋਂ ਸਾਡੀ ਸਾਖੀ ਦੀ ਪਰਤੀਤ ਕੀਤੀ ਗਈ।**

**ਆਇਤ 5.** ਪੌਲੁਸ ਨੇ ਕਿਹਾ ਕਿ "ਸਤਾਵ ਅਤੇ ਦੁਖ" ਜਿਹੜੇ ਥੱਸਲੁਨੀਕੇ ਦੇ ਲੋਕ ਭੋਗ ਰਹੇ ਸਨ **ਪਰਮੇਸ਼ੁਰ ਦੇ ਜਥਾਰਥ ਨਿਆਉਂ ਦਾ ਪਰਮਾਣ** [ਜਾਂ ਸਬੂਤ] **ਹੈ** ਅਤੇ ਉਹ **ਪਰਮੇਸ਼ੁਰ ਦੇ ਰਾਜ ਦੇ ਜੋਗ** ਗਿਣੇ ਜਾਣਗੇ। "ਜਥਾਰਥ ਪਰਮਾਣ" ਸ਼ਬਦ ਯੂਨਾਨੀ ਭਾਸ਼ਾ ਦੇ ਸ਼ਬਦ ἔνδειγμα (*ਐਨਡਿਗਮਾ*) ਤੋਂ ਆਉਂਦਾ ਹੈ। ਜਦ ਕਿ ਨਵੇਂ ਨੇਮ ਵਿੱਚ ἔνδειγμα (*ਐਨਡਿਗਮਾ*) ਸਿਰਫ ਇੱਥੇ ਹੀ ਆਉਂਦਾ ਹੈ, ਇਸ ਨਾਲ ਸੰਬੰਧਤ ਸ਼ਬਦ ἔνδειξις (*ਐਨਡੈਕਸਿਸ*, "ਪਰਗਟ ਕਰਨਾ") ਰੋਮੀਆਂ 3:25, 26; 2 ਕੁਰਿੰਥੀਆਂ 8:24 ਅਤੇ

ਫ਼ਿਲਿੱਪੀਆਂ 1:28 ਵਿੱਚ ਹੈ।[4]

ਇਹ ਪੁਸ਼ਟੀ ਕਿ ਮੌਜੂਦਾ ਸਤਾਵ ਅਤੇ ਦੁਖ ਇਹ ਇਸ਼ਾਰਾ ਕਰਦੇ ਹਨ ਕਿ ਕੋਈ ਵੀ ਆਖ਼ਰਕਾਰ ਬਚਾਇਆ ਜਾਵੇਗਾ ਗੈਰ-ਆਤਮਿਕ ਵਿਅਕਤੀ ਦੇ ਲਈ ਅਜੀਬ ਪ੍ਰਤੀਤ ਹੁੰਦਾ ਹੈ। ਉਸ ਦਾ ਰੁਖ ਚੀਕ ਕੇ ਇਹ ਕਹਿਣ ਦਾ ਹੁੰਦਾ ਹੈ, "ਤੁਹਾਡਾ ਮਤਲਬ ਹੈ ਕਿ ਹੁਣ ਸਤਾਵ ਨਿਆਂ ਦੇ ਦਿਨ ਸੁਰਗ ਵਿੱਚ ਸਵੀਕਾਰ ਕੀਤੇ ਜਾਣ ਦੀ ਗਰੰਟੀ ਦਿੰਦੇ ਹਨ?" ਇਸ ਦਾ ਜਵਾਬ ਹਾਂ ਹੈ। ਮੂਲ ਰੂਪ ਵਿੱਚ, ਪੌਲੁਸ ਵੀ ਇਹੋ ਕਹਿ ਰਿਹਾ ਸੀ।

ਮਸੀਹ ਦੇ "ਕਾਰਨ" ਸਤਾਓ ਅਤੇ ਬੇਇੱਜ਼ਤੀ ਪਰਮੇਸ਼ੁਰ ਦੀ ਬਰਕਤ ਦਾ ਇੱਕ ਚਿੰਨ੍ਹ ਹਨ (ਮੱਤੀ 5:11, 12)। ਜਦੋਂ ਇਹ ਗੱਲਾਂ ਸੱਚ ਹੁੰਦੀਆਂ ਹਨ, ਉਹ ਇਸ ਗੱਲ ਦਾ ਸਬੂਤ ਹੁੰਦੀਆਂ ਹਨ ਕਿ ਮਸੀਹੀ ਲੋਕਾਂ ਦਾ "ਸੁਰਗ ਵਿੱਚ ਬਹੁਤ ਫਲ" ਹੋਵੇਗਾ (ਮੱਤੀ 5:12)। ਇਹ ਪ੍ਰਵਾਨਗੀ ਸਿਰਫ ਤਦ ਵੀ ਸੱਚੀ ਸਾਬਤ ਹੁੰਦੀ ਹੈ ਜਦੋਂ ਅਸੀਂ ਦੁਖ ਝੱਲਦੇ ਹਾਂ ਜਿਵੇਂ ਥੱਸਲੁਨੀਕੀਆਂ ਨੇ ਝੱਲਿਆ ਸੀ।

ਪਹਿਲਾ ਥੱਸਲੁਨੀਕੀਆਂ 3:3 ਅਤੇ 2 ਤਿਮੋਥਿਉਸ 3:12 ਇਸ ਗੱਲ ਦੀ ਪੁਸ਼ਟੀ ਕਰਦੀਆਂ ਹਨ ਕਿ ਅਜਿਹੇ ਸਤਾਵ-ਕਈ ਵਾਰ ਸਰੀਰਕ, ਕਈ ਵਾਰ ਮਨੋਵਿਗਿਆਨਕ-ਮਸੀਹੀ ਲੋਕਾਂ ਦੇ ਲਈ ਲਾਜ਼ਮੀ ਹਨ। ਪੌਲੁਸ ਨੇ ਕਿਹਾ ਕਿ ਕਿਸੇ ਨਾ ਕਿਸੇ ਤਰੀਕੇ, ਇਹ ਦੁਖ ਸਾਨੂੰ ਮਸੀਹ ਦੇ ਹੋਰ ਜ਼ਿਆਦਾ ਨੇੜੇ ਲੈ ਕੇ ਆਉਂਦੇ ਹਨ ਜਿਸ ਨੇ ਖੁਦ ਦੁਖ ਝੱਲਿਆ ਸੀ (ਕੁਲੁੱਸੀਆਂ 1:24)। ਬੇਸ਼ੱਕ ਇਹ ਨਹੀਂ ਹੈ ਕਿ ਇਹ ਦੁਖ ਸਲੀਬ ਤੇ ਮਸੀਹ ਦੇ ਬਚਾਉਣ ਵਾਲੇ ਪ੍ਰਾਸਚਿੱਤ ਨੂੰ ਸੰਪੂਰਣ ਕਰਦੇ ਹਨ, ਪਰ ਮਸੀਹ ਲਗਾਤਾਰ ਦੁਖ ਝੱਲਦਾ ਹੈ ਜਦੋਂ ਉਸ ਦੀ ਦੇਹ ਦੇ ਅੰਗ ਦੁਖ ਝੱਲਦੇ ਹਨ। ਦੁਖ ਜਿਹੜੇ ਮਸੀਹ ਦੀ ਦੇਹ ਦੇ ਅੰਗਾਂ ਜਾਂ ਕਲੀਸੀਆ ਨੂੰ ਝੱਲਣੇ ਚਾਹੀਦੇ ਹਨ "ਮਸੀਹ ਦੇ ਦੁੱਖਾਂ" ਦਾ ਹਿੱਸਾ ਹਨ, ਜਿਹੜੇ ਆਖ਼ਰੀ ਨਿਆਂ ਦੇ ਦਿਨ ਉਸ ਦੇ ਲੋਕਾਂ ਨੂੰ ਮੁਕਤੀ ਦਿੰਦੇ ਹਨ।

ਇਸ ਬੰਦ ਵਿੱਚ ਪੌਲੁਸ ਨੇ ਕਿਹਾ ਹੈ ਕਿ ਥੱਸਲੁਨੀਕੇ ਦੇ ਲੋਕ ਪਰਮੇਸ਼ੁਰ ਦੇ ਰਾਜ ਦੇ ਲਈ ਦੁਖ ਭੋਗ ਰਹੇ ਸਨ ਤਾਂ ਜੋ ਅੰਤ ਦੇ ਸਮੇਂ ਜਦੋਂ ਸਾਰੇ ਸੰਤ ਇਕੱਠੇ ਹੋਣ ਤਾਂ ਉਹ ਵੀ ਉਸ ਦੇ ਨਾਲ ਹੋ ਸਕਣ। ਕਿਸੇ ਹੋਰ ਥਾਂ ਤੇ ਵੀ ਪੌਲੁਸ ਨੇ ਕਿਹਾ ਹੈ ਕਿ ਦੁਖ ਧੀਰਜ ਪੈਦਾ ਕਰਦੇ ਹਨ ਅਤੇ ਧੀਰਜ ਚਰਿੱਤਰ ਪੈਦਾ ਕਰਦਾ ਹੈ (ਰੋਮੀਆਂ 5:3, 4)। ਪਤਰਸ ਨੇ ਕਿਹਾ ਕਿ ਇਹ ਸਾਨੂੰ ਤਾਉਂਦੇ ਅਤੇ ਤਿਆਰ ਕਰਦੇ ਹਨ (1 ਪਤਰਸ 1:6, 7)।

ਪੌਲੁਸ ਕਹਿ ਰਿਹਾ ਸੀ ਕਿ ਜੇਕਰ ਥੱਸਲੁਨੀਕੇ ਦੇ ਲੋਕ ਵਫ਼ਾਦਾਰੀ ਨਾਲ ਲੱਗੇ ਰਹਿਣਗੇ, ਜਿਵੇਂ ਕਿ ਉਹ ਪਹਿਲਾਂ ਤੋਂ ਹੀ ਕਰ ਰਹੇ ਸਨ, ਉਨ੍ਹਾਂ ਨੂੰ ਉਸ ਸਵਰਗੀ ਮੰਡਲੀ ਦੇ ਜੋਗ ਗਿਣਿਆ ਜਾਵੇਗਾ। ਸੱਚਾਈ ਇਹ ਹੈ ਕਿ ਪਰਮੇਸ਼ੁਰ ਸਾਨੂੰ ਮੁਸ਼ਕਲ ਦੁੱਖਾਂ ਵਿੱਚ ਸੰਭਾਲਦਾ ਹੈ ਇਸ ਗੱਲ ਦਾ ਪਰਮਾਣ ਹੈ ਕਿ ਉਸ ਦਾ ਨਿਆਂ ਸੱਚਾ ਹੈ, ਇਹ ਕਿ ਉਹ ਇਸ ਯੁੱਧ ਵਿੱਚ ਸਾਡੇ ਵੱਲ ਹੈ ਅਤੇ ਜਦੋਂ ਉਹ ਆਵੇਗਾ ਤਾਂ ਹਿਸਾਬ ਬਰਾਬਰ ਕਰੇਗਾ। ਅਨਿਆਂ ਹਮੇਸ਼ਾ ਰਾਜ ਨਹੀਂ ਕਰੇਗਾ (ਆਇਤਾਂ 6, 7; ਉਪਦੇਸ਼ਕ ਦੀ ਪੋਥੀ 3:16, 17)। ਪਰਮੇਸ਼ੁਰ ਦਾ ਰਾਜ ਪਹਿਲਾਂ ਤੋਂ ਧਰਤੀ ਤੇ ਕਲੀਸੀਆ ਦੇ ਰੂਪ ਵਿੱਚ ਪਰਗਟ ਹੋ ਚੁੱਕਾ ਹੈ (ਮੱਤੀ 3:2), ਪਰ ਇਸ ਦੀ ਪੂਰਣ ਪ੍ਰਾਪਤੀ ਉਦੋਂ ਹੋਵੇਗੀ ਜਦੋਂ ਮਸੀਹ ਦੇ ਦੁਸ਼ਮਣਾਂ ਤੇ ਫਹਿਤ ਪਾਈ ਜਾਵੇਗੀ (1 ਕੁਰਿੰਥੀਆਂ 15:26) ਅਤੇ ਪਰਮੇਸ਼ੁਰਤਾਈ ਸੁਰਗੀ ਰਾਜ ਵਿੱਚ ਸ਼ਰੋਮਣੀ ਰਾਜ ਕਰੇਗੀ। ਸੁਰਗੀ ਰਾਜ (ਜਿਸ ਦਾ ਇੱਥੇ ਜ਼ਿਕਰ ਕੀਤਾ ਗਿਆ ਹੈ) ਦਾ ਮਸੀਹ ਦੀ ਦੂਜੀ ਆਮਦ ਅਤੇ ਨਿਆਂ ਤੋਂ ਬਾਅਦ ਪੂਰੀ ਤਰ੍ਹਾਂ ਅਨੁਭਵ ਹੋਵੇਗਾ (ਆਇਤਾਂ 6, 7)।

ਸ਼ਾਇਦ ਅਸੀਂ 1940 ਈਸਵੀ ਦੇ ਇੱਕ ਨੌਜਵਾਨ ਦੇਸ਼ਭਗਤ ਬਾਰੇ ਸੋਚ ਕੇ ਸਤਾਓ ਵਿੱਚ ਅਨੰਦ ਕਰਨ ਦੀ ਇਸ ਭਾਵਨਾ ਨੂੰ ਸਮਝ ਸਕਦੇ ਹਾਂ, ਜਿਹੜਾ, ਜਦੋਂ "ਯੁੱਧ ਦੀ ਕੋਸ਼ਿਸ਼ ਕਰਨ ਦਾ ਸਮਰਥਨ" ਕਰਨਾ ਪ੍ਰਚਲਿਤ ਸੀ ਦੇਸ਼ ਦੀ ਸੇਵਾ ਕਰਨ ਤੋਂ ਮਨ੍ਹਾ ਕੀਤੇ ਜਾਣ ਤੇ ਦੁਖੀ ਹੋਇਆ ਹੋਵੇਗਾ ਅਤੇ "ਆਪਣੇ ਦੇਸ਼ ਦੀ" ਸੇਵਾ ਕਰਨ ਅਤੇ ਸਗੋਂ ਆਪਣੇ ਦੇਸ਼ ਦੇ ਲਈ ਮਰਨ ਲਈ ਵੀ ਜੋਗ ਗਿਣੇ ਜਾਣ ਤੇ "ਅਨੰਦਤ" ਹੋਇਆ ਹੋਵੇਗਾ। ਮਸੀਹੀ ਲੋਕ ਇੱਕ ਯੁੱਧ ਵਿੱਚ ਹਨ ਅਤੇ ਇਹ ਸੱਚਾਈ ਕਿ ਅਸੀਂ ਦੁਖ ਭੋਗ ਰਹੇ ਹਾਂ ਇਸ ਦਾ ਅਰਥ ਇਹ ਹੈ ਕਿ ਸਾਡਾ ਸੈਨਾਪਤੀ ਅਰਥਾਤ ਮਸੀਹ ਸਾਡੇ ਨਾਲ ਹੈ ਅਤੇ ਸਾਨੂੰ ਸੰਭਾਲ ਕੇ ਰੱਖਦਾ ਹੈ। ਉਸ ਦੀ ਸੈਨਾ ਵਿੱਚ ਸੇਵਾ ਕਰਨਾ ਅਤੇ ਇਹੋ ਜਿਹੇ ਮਹਾਨ ਕੰਮ ਦੇ ਲਈ ਦੁੱਖ ਭੋਗਣਾ ਇੱਕ ਅਵਸਰ ਦੀ ਗੱਲ ਹੈ।

**ਆਇਤ 6.** ਸਿੱਟਾ ਇਹ ਹੈ ਕਿ ਪਰਮੇਸ਼ੁਰ **ਨਿਆਂਈ** ਹੈ ਅਤੇ ਇਸ ਲਈ ਉਸ ਦੇ ਲਈ ਨਿਆਂ ਕਰਨਾ ਸਹੀ ਹੈ। ਨਿਆਂਈ ਹੋਣਾ ਦੂਜਿਆਂ ਨੂੰ ਉਹ ਦੇਣਾ ਹੈ ਜਿਸ ਦੇ ਉਹ ਲਾਇਕ ਜਾਂ ਕਾਬਲ ਹਨ। ਨਿਆਂ ਕਰਨ ਵਾਲਾ ਵਿਅਕਤੀ ਨਕਾਰਾਤਮਕ ਅਤੇ ਸਕਾਰਾਤਮਕ ਦੋਵੇਂ ਤਰੀਕਿਆਂ ਨਾਲ ਆਪਣਾ ਬਚਨ ਪੂਰਾ ਕਰਦਾ ਹੈ। ਪਰਮੇਸ਼ੁਰ ਵੀ, ਸੱਚੇ ਜਾਂ ਧਰਮੀ ਵਿਅਕਤੀ ਦੇ ਵਾਂਗ, ਆਪਣੇ ਬਚਨ ਨੂੰ ਪੂਰਾ ਕਰਦਾ ਹੈ। ਇਸ ਲਈ, ਜਿਵੇਂ ਉਸ ਨੇ ਵਾਅਦਾ ਕੀਤਾ ਹੈ (ਰੋਮੀਆਂ 12:19), ਉਹ ਅਣਆਗਿਆਕਾਰ ਨੂੰ ਸਜ਼ਾ ਦਿੰਦਾ ਹੈ। ਇਹ ਸੋਚਣਾ ਇੱਕ ਭਿਆਣਕ ਗਲਤੀ ਹੈ ਕਿ ਪਰਮੇਸ਼ੁਰ ਉਸ ਪਾਪ ਦੇ ਲਈ ਸਜ਼ਾ ਨਹੀਂ ਦੇਵੇਗਾ ਜਿਸ ਦੇ ਲਈ ਕੋਈ ਪਸ਼ਚਾਤਾਪ ਨਹੀਂ ਪਰਗਟ ਕੀਤਾ ਗਿਆ (ਰੋਮੀਆਂ 11:22 ਨਾਲ ਤੁਲਨਾ ਕਰੋ)।

ਇੱਕ ਦਿਨ ਹਿਸਾਬ ਬਰਾਬਰ ਕੀਤਾ ਜਾਵੇਗਾ ਅਤੇ ਆਖ਼ਰੀ ਨਿਆਂ ਦੇ ਦਿਨ ਜਦੋਂ ਇਸ ਤਰ੍ਹਾਂ ਹੋਵੇਗਾ, ਉਹ **ਉਨ੍ਹਾਂ ਨੂੰ ਦੁਖ ਦੇਵੇਗਾ** ਜਿਨ੍ਹਾਂ ਨੇ ਥੱਸਲੁਨੀਕੀਆਂ ਅਤੇ ਹੋਰਨਾਂ ਮਸੀਹੀਆਂ ਨੂੰ ਦੁਖ ਦਿੱਤਾ ਹੈ। ਜਿਹੜੇ ਥੱਸਲੁਨੀਕੀਆਂ ਨੂੰ ਸਤਾਅ ਰਹੇ ਹਨ ਆਪ ਵੀ ਵੱਡਾ ਦੁਖ ਪਾਉਣਗੇ ਜੋ ਪਿਤਾ ਖੁਦ ਉਨ੍ਹਾਂ ਨੂੰ ਦੇਵੇਗਾ। ਉਨ੍ਹਾਂ ਨੂੰ "ਸਦਾ ਦੇ ਵਿਨਾਸ" ਦੀ ਸਜ਼ਾ ਦਿੱਤੀ ਜਾਵੇਗੀ (ਆਇਤ 9)। ਯੂਨਾਨੀ ਸ਼ਬਦ ἀνταποδίδωμι (*ਐਂਟਾਪੋਡਿਡੋਮੀ*) ਦਾ ਅਰਥ ਹੈ "ਬਦਲਾ ਦੇਣਾ" ਜਾਂ ਜਥਾਰਥ ਰੂਪ ਵਿੱਚ "ਬਦਲਾ ਲੈਣਾ।" ਡੇਵਿਡ ਜੇ .ਵਿਲੀਅਮਸ ਨੇ ਕਿਹਾ ਹੈ, "ਇਹ ਬਸ ਇੱਕ ਸਾਹਤਿਕ ਰੂਪ ਹੈ ... ਅਤੇ ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਪਰਮੇਸ਼ੁਰ ਦਾ ਨਿਆਂ ਸਜ਼ਾ ਅਤੇ ਨਿਆਂ ਸਥਾਪਨਾ ਨਾਲ, ਸੁਖ ਦੇਣ ਨਾਲ ਅਤੇ ਦੁਖ ਦੇਣ ਵਾਲਿਆਂ ਨੂੰ ਬਦਲਾ ਦੇਣ ਨਾਲ ਸੰਬੰਧਿਤ ਹੈ।"[5]

ਪਰਮੇਸ਼ੁਰ ਨਿਆਂਈ ਹੋਣ ਦੇ ਨਾਤੇ ਮੰਗ ਕਰਦਾ ਹੈ ਕਿ ਉਹ ਉਨ੍ਹਾਂ ਨੂੰ ਸਜ਼ਾ ਦੇਵੇ ਜਿਹੜੇ ਅਣਉਚਿੱਤ ਤਰੀਕੇ ਨਾਲ ਜੀਉਂਦੇ ਹਨ। ਇਸ ਨਿਯਮ ਦੇ ਲਈ ਸਿਰਫ ਇੱਕੋ ਛੋਟ ਹੈ: ਮਸੀਹੀ ਲੋਕ ਜਿਨ੍ਹਾਂ ਦੇ ਅਨਿਆਵਾਂ ਦੀ ਸਜ਼ਾ ਮਸੀਹ ਦੁਆਰਾ ਪਹਿਲਾਂ ਹੀ ਚੁੱਕ ਲਈ ਗਈ ਹੈ (1 ਪਤਰਸ 2:23, 24)।

**ਆਇਤ 7.** ਜਦ ਕਿ ਪਰਮੇਸ਼ੁਰ ਦੁਖ ਦੇਣ ਵਾਲਿਆਂ ਨੂੰ "ਦੁਖ ਨਾਲ ਬਦਲਾ" ਦੇਵੇਗਾ, ਉਹ ਥੱਸਲੁਨੀਕੇ ਦੇ ਮਸੀਹੀ ਲੋਕਾਂ ਦੇ ਨਾਲ ਬਿਲਕੁਲ ਉੱਲਟ ਕਰੇਗਾ ਜਿਨ੍ਹਾਂ ਨੂੰ ਦੁਖ ਦੇਣ ਵਾਲਿਆਂ ਦੁਆਰਾ ਦੁਖ ਦਿੱਤਾ (ਸਤਾਇਆ) ਜਾ ਰਿਹਾ ਹੈ। ਉਨ੍ਹਾਂ ਦੇ ਨਾਲ ਉੱਲਟ ਹੋਵੇਗਾ ਅਤੇ ਪਰਮੇਸ਼ੁਰ [ਮਸੀਹੀ ਲੋਕਾਂ ਨੂੰ] **ਸੁਖ ਦੇਵੇਗਾ**। "ਸੁਖ" ਲਈ ਜਿਹੜਾ ਯੂਨਾਨੀ ਸ਼ਬਦ ἄνεσις (*ਅਨੇਸਿਸ*) ਵਰਤਿਆ ਗਿਆ ਹੈ ਉਸ ਦਾ ਅਰਥ ਹੈ ਚਿੰਤਾ, ਤਨਾਅ ਜਾਂ ਝਗੜੇ ਤੋਂ ਅਰਾਮ ਅਤੇ ਅਜ਼ਾਦੀ (2 ਕੁਰਿੰਥੀਆਂ 2:13 ਨਾਲ ਤੁਲਨਾ ਕਰੋ)। ਪੌਲੁਸ ਨੇ ਕਿਹਾ ਕਿ **ਸਾਨੂੰ ਵੀ** "ਸੁਖ" ਦਿੱਤਾ ਜਾਵੇਗਾ। ਅਰਥਾਤ ਇਹ ਪੌਲੁਸ ਅਤੇ ਉਸ ਦੇ ਸਹਿਕਰਮੀਆਂ ਨੂੰ ਦਿੱਤਾ ਜਾਵੇਗਾ।

ਇਹ ਸਪੱਸ਼ਟ ਤੌਰ ਤੇ ਇਸ ਗੱਲ ਵੱਲ ਇਸ਼ਾਰਾ ਕਰਦਾ ਸੀ ਕਿ ਉਨ੍ਹਾਂ ਨੇ ਵੀ "ਦੁਖ" ਭੋਗੇ ਸਨ। ਇਹ ਸਭ ਕੁਝ ਉਦੋਂ ਪੂਰਾ ਹੋਵੇਗਾ **ਜਦੋਂ ਪ੍ਰਭੂ ਯਿਸੂ ਪਰਗਟ ਹੋਵੇਗਾ**। ਹੁਣ ਉਹ ਅਕਾਸ਼ਾਂ ਵਿੱਚ ਗੁਪਤ ਹੈ ਅਤੇ ਉਹ ਅੰਤ ਦੇ ਸਮੇਂ ਵਿੱਚ ਫੇਰ ਉਸ ਨੂੰ ਪਰਗਟ ਕਰਨਗੇ। ਬੇਸ਼ੱਕ, ਇਹ ਪਰਕਾਸ਼ ਉਸ ਦੀ ਦੂਜੀ ਆਮਦ ਦਾ ਹਵਾਲਾ ਦਿੰਦਾ ਹੈ। ਹੁਣ ਉਹ ਦਿਸਦਾ ਨਹੀਂ ਹੈ, ਪਰ ਜਦੋਂ ਉਹ ਦੁਬਾਰਾ ਆਵੇਗਾ, "ਹਰ ਅੱਖ ਉਸ ਨੂੰ ਵੇਖੇਗੀ" (ਪਰਕਾਸ਼ ਦੀ ਪੋਥੀ 1:7)। ਇਸ ਵਿਸ਼ੇ ਬਾਰੇ 1 ਥੱਸਲੁਨੀਕੀਆਂ ਦੇ ਹਰ ਅਧਿਆਇ ਵਿੱਚ ਗੱਲ ਕੀਤੀ ਗਈ ਹੈ ਅਤੇ ਹੁਣ ਉਹ ਵਿਸ਼ਾ ਇਸ ਪੱਤ੍ਰੀ ਦੇ ਅਧਿਆਇ ਵਿੱਚ ਫੇਰ ਆਉਂਦਾ ਹੈ।

ਉਸ ਆਉਣ ਸੰਬੰਧੀ, ਪੌਲੁਸ ਨੇ ਤਿੰਨ ਗੱਲਾਂ ਕਹੀਆਂ। ਪਹਿਲੀ ਗੱਲ, ਇਹ **ਅਕਾਸ਼ੋਂ** ਹੈ, ਯਿਸੂ ਦੇ ਬੱਦਲਾਂ ਤੋਂ ਦਿੱਖ ਰੂਪ ਵਿੱਚ ਹੇਠਾਂ ਆਉਣ ਦਾ ਹਵਾਲਾ ਦਿੰਦਾ ਹੈ (ਰਸੂਲਾਂ ਦੇ ਕਰਤੱਬ 1:11; 1 ਥੱਸਲੁਨੀਕੀਆਂ 1:10)। ਦੂਜੀ ਗੱਲ, ਮਸੀਹ **ਭੜਕਦੀ ਅੱਗ** ਨਾਲ ਆਵੇਗਾ (ਕੂਚ 3:2; ਯਸਾਯਾਹ 66:15, 16; 2 ਪਤਰਸ 3:10 ਨਾਲ ਤੁਲਨਾ ਕਰੋ)। "ਭੜਕਦੀ ਅੱਗ" (πυρὶ φλογός, *ਪਿਊਰੀ ਫਲੋਗੋਸ*) ਦੁਖ ਦੇਣ ਵਾਲਿਆਂ ਦੇ ਵਿਰੁੱਧ ਪਰਤਾਪ ਅਤੇ ਬਦਲੇ ਵਾਲੇ ਨਿਆਂ ਦਾ ਚਿੰਨ੍ਹ ਪ੍ਰਤੀਤ ਹੁੰਦਾ ਹੈ। ਇਹ ਸ਼ੁੱਧੀਕਰਨ ਦੇ ਚਿੰਨ੍ਹ ਤੋਂ ਕਿਤੇ ਵੱਧ ਕੇ ਹੈ। ਥੋਮਸ ਨੇ ਲਿਖਿਆ, "ਜੇਕਰ ਇੱਕ ਵਾਕ, ਸਖਤੀ ਨਾਲ ਸ਼ੁੱਧ ਕਰਨ ਦੇ ਪ੍ਰਭਾਵ ਦੀ ਗੱਲ ਕਰਦਾ ਸੀ, ਇਸ ਨੂੰ 7 ਆਇਤ ਦੀ ਬਜਾਇ 8 ਆਇਤ ਨਾਲ ਆਪਣਾ ਸਭ ਤੋਂ ਜ਼ਿਆਦਾ ਸੁਭਾਵਕ ਸੰਪਰਕ ਮਿਲੇਗਾ।"[6] ਤੀਜੀ ਗੱਲ, ਉਹ ਆਪਣੇ **ਬਲਵੰਤ ਦੂਤਾਂ ਸਣੇ** ਆਵੇਗਾ। ਇਹ ਉਹ "ਸੰਤ" ਹਨ ਜਿਨ੍ਹਾਂ ਦਾ ਜ਼ਿਕਰ ਪੌਲੁਸ ਦੁਆਰਾ 1 ਥੱਸਲੁਨੀਕੀਆਂ 3:13 ਅਤੇ ਯਹੂਦਾਹ 14 ਵਿੱਚ ਕੀਤਾ ਗਿਆ ਹੈ। ਇਸ ਆਇਤ ਵਿੱਚ, ਉਸ ਨੇ ਇਸ ਤੱਥ ਤੇ ਜ਼ੋਰ ਦਿੱਤਾ ਹੈ ਕਿ ਉਹ "ਬਲਵੰਤ" ਸੁਰਗਦੂਤ ਸਨ। ਸਪੱਸ਼ਟ ਤੌਰ ਤੇ, ਉਨ੍ਹਾਂ ਦੇ ਬਲ ਦਾ ਸਰੋਤ ਪਰਮੇਸ਼ੁਰ ਹੈ, ਜਿਹੜਾ ਉਨ੍ਹਾਂ ਨੂੰ ਆਪਣੇ ਨੁਮਾਇੰਦੇ ਜਾਂ ਸੰਦੇਸ਼ਵਾਹਕ ਹੋਣ ਦੇ ਨਾਤੇ ਬਲ ਦਿੰਦਾ ਹੈ।

ਇਹ ਘਟਨਾ ਯਿਸੂ ਨੂੰ ਆਪਣੇ ਪਵਿੱਤਰ ਅਤੇ ਬਲਵੰਤ ਦੂਤਾਂ ਸਣੇ ਭੜਕਦੀ ਅੱਗ ਵਿੱਚ ਬੱਦਲਾਂ ਤੇ ਯਿਸੂ ਨੂੰ ਅਕਾਸ਼ੋਂ ਆਉਂਦਾ ਵੇਖੇਗੀ। ਇਹ ਇੱਕ ਯਾਦਗਾਰੀ ਅਤੇ ਸ਼ਾਨਦਾਰ ਘਟਨਾ ਹੋਵੇਗੀ। ਇਸ ਵਿੱਚ ਕੋਈ ਹੈਰਾਨਗੀ ਦੀ ਗੱਲ ਨਹੀਂ ਹੈ ਕਿ ਥੱਸਲਨੀਕੇ ਦੇ ਲੋਕ ਇਹ ਨਹੀਂ ਸੀ ਚਾਹੁੰਦੇ ਕਿ ਉਨ੍ਹਾਂ ਦੇ ਅਜੀਜ਼ ਇਸ ਘਟਨਾ ਤੋਂ ਖੁੰਝ ਜਾਣ!

ਇਹ ਵੀ ਗੌਰ ਕਰਨ ਲਾਇਕ ਹੈ ਕਿ ਜਦੋਂ ਕੋਈ ਇਸ ਬੰਦ ਦੀ ਤੁਲਨਾ 1 ਥੱਸਲੁਨੀਕੀਆਂ 4:16 ਨਾਲ ਕਰਦਾ ਹੈ ਤਾਂ ਪੌਲੁਸ ਪ੍ਰਭੂ ਦੇ ਹੁਕਮ, "ਮਹਾਂ ਦੂਤ ਦੀ ਅਵਾਜ਼" ਜਾਂ "ਪਰਮੇਸ਼ੁਰ ਦੀ ਤੁਰ੍ਹੀ ਦੀ ਅਵਾਜ਼" ਦਾ ਜ਼ਿਕਰ ਨਹੀਂ ਕਰ ਰਿਹਾ ਹੈ; ਪਰ ਜਿਵੇਂ ਕਿ ਉਹ ਪਹਿਲਾਂ ਹੀ ਕਹਿ ਚੁੱਕਾ ਹੈ, ਇਹ ਸਭ ਸੁਣਾਈ ਦੇਣਗੀਆਂ।

**ਆਇਤ 8.** ਯਿਸੂ ਦੇ ਆਉਣ ਸਮੇਂ, ਉਹ ਸਾਡਾ **ਬਦਲਾ ਦੇਵੇਗਾ**। ਉਹ "ਬਦਲਾ ਲਵੇਗਾ" (KJV) ਅਤੇ ਉਹ "ਨਿਆਉਂ" ਕਰੇਗਾ (NEB)। ਬਦਲੇ ਲਈ ਜਿਹੜਾ ਯੂਨਾਨੀ ਸ਼ਬਦ ἐκδίκησις (*ਏਕਡੀਕੇਸਿਸ*) ਵਰਤਿਆ ਗਿਆ ਹੈ ਉਸ ਦਾ ਅਰਥ ਹੈ "ਉਹ ਜਿਹੜਾ ਨਿਆਂ ਵਿੱਚੋਂ ਨਿੱਕਲਦਾ ਹੈ; ਮਨੁੱਖੀ ਬਦਲੇ ਦੇ ਮਾਮਲੇ ਵਿੱਚ ਜਿਵੇਂ ਅਕਸਰ ਹੁੰਦਾ ਹੈ ਉਸ ਤਰ੍ਹਾਂ ਨਹੀਂ . . . ਚੋਟ ਦਾ ਭਾਵ। ਇਸ ਵਿੱਚ ਬਦਲੇ ਦਾ ਤੱਤ ਨਹੀਂ ਹੈ।"[7] *ਏਕਡੀਕੇਸਿਸ* ਸ਼ਬਦ ਉਸੇ ਮੂਲ ਸ਼ਬਦ ਵਿੱਚੋਂ ਆਉਂਦਾ ਹੈ ਜਿਸ ਤੋਂ ਸਾਨੂੰ ਸਾਡਾ "ਨਿਆਈਂ" ਸ਼ਬਦ ਮਿਲਿਆ ਹੈ। ਇਸ ਸੰਦਰਭ ਵਿੱਚ ਨਿਆਉਂ ਤੇ ਚਰਚਾ ਕੀਤੀ ਜਾ ਰਹੀ ਹੈ (ਵੇਖੋ ਆਇਤ 6)। ਵਿਚਾਰ ਸਜ਼ਾ ਵਾਲੇ ਬਦਲੇ ਵਾਲਾ ਨਹੀਂ ਹੈ, ਬਲਕਿ ਨਿਆਂ ਕਰਨ ਵਾਲਾ ਹੈ। ਇਹੋ ਸ਼ਬਦ ਲੂਕਾ 18:3, 7 ਵਿੱਚ ਵਰਤਿਆ

ਗਿਆ ਹੈ।

ਉਹ ਜਦੋਂ ਆਵੇਗਾ ਤਾਂ ਕਿਹੜੇ ਵਿਅਕਤੀਆਂ ਨੂੰ ਸਜ਼ਾ ਦੇਵੇਗਾ? **ਜਿਹੜੇ ਪਰਮੇਸ਼ੁਰ ਨੂੰ ਨਹੀਂ ਜਾਣਦੇ ਅਤੇ ਸਾਡੇ ਪ੍ਰਭੂ ਯਿਸੂ ਦੀ ਇੰਜੀਲ ਨੂੰ ਨਹੀਂ ਮੰਨਦੇ ਓਹਨਾਂ ਨੂੰ।** "ਜਿਹੜੇ ਪਰਮੇਸ਼ੁਰ ਨੂੰ ਨਹੀਂ ਜਾਣਦੇ ਓਹਨਾਂ ਨੂੰ" ਵਾਕ τοῖς μὴ εἰδόσιν θεὸν (*ਟੋਇਸ ਮੀ ਈਡੋਸਿਨ ਥੀਓਨ*) ਉਨ੍ਹਾਂ ਲੋਕਾਂ ਦਾ ਵਰਣਨ ਕਰਦਾ ਹੈ ਜਿਨ੍ਹਾਂ ਨੂੰ ਪਰਮੇਸ਼ੁਰ ਦਾ ਕ੍ਰੋਧ ਮਿਲੇਗਾ। ਰੌਬਰਟਸਨ ਨੇ ਇਸ ਵਾਕ ਨੂੰ "ਪੂਰਣ ਕਿਰਿਆ ਕਿਰਦੰਤ *ਈਡੋਸ* ਦਾ ਸੰਪਰਦਾਨ ਕਾਰਕ ਬਹੁਵਚਨ" ਕਿਹਾ ਹੈ। ਉਸ ਨੇ ਸੋਚਿਆ ਕਿ ਪੌਲੁਸ ਦੇ ਮਨ ਵਿੱਚ ਮੁੱਖ ਰੂਪ ਵਿੱਚ ਪਰਾਈਆਂ ਕੌਮਾਂ ਸਨ (1 ਥੱਸਲੁਨੀਕੀਆਂ 4:1–5) ਅਤੇ ਬਾਕੀ ਵਾਕ "ਇੰਜੀਲ ਨੂੰ ਨਹੀਂ ਮੰਨਦੇ" ਗੈਰ-ਵਿਸ਼ਵਾਸੀ ਯਹੂਦੀਆਂ ਦਾ ਹਵਾਲਾ ਸੀ।[8]

ਕੀ ਰੌਬਰਟਸਨ ਸਹੀ ਹੈ ਕਿ ਇੱਕ ਸਮੂਹ ਪਰਾਈ ਕੌਮ ਦਾ ਹੈ ਅਤੇ ਦੂਜਾ ਸਮੂਹ ਯਹੂਦੀ ਕੌਮ ਦਾ? ਹੋ ਸਕਦਾ ਹੈ ਇਸੇ ਤਰ੍ਹਾਂ ਹੀ ਹੋਵੇ, ਪਰ ਅਸੀਂ ਨਿਸ਼ਚਤ ਤੌਰ ਤੇ ਨਹੀਂ ਕਹਿ ਸਕਦੇ। ਕਿਹਾ ਜਾਂਦਾ ਹੈ ਕਿ ਬਹੁਤ ਸਾਰੇ ਯਹੂਦੀ ਲੋਕ ਵੀ "[ਪਰਮੇਸ਼ੁਰ ਨੂੰ] ਨਹੀਂ ਜਾਣਦੇ" (ਯੂਹੰਨਾ 8:55)। "ਉਸ ਨੂੰ ਜਾਣਨਾ" ਅਸਲ ਭਾਵ ਵਿੱਚ ਬਚਾਇਆ ਜਾਣਾ ਹੈ (ਯੂਹੰਨਾ 17:3)। ਦੂਜੇ ਪਾਸੇ, ਕਈ ਵਾਰ ਪਰਾਈਆਂ ਕੌਮਾਂ ਨੂੰ "ਅਣਆਗਿਆਕਾਰ" ਵੀ ਕਿਹਾ ਗਿਆ ਹੈ (ਰੋਮੀਆਂ 11:30)। ਇਸ ਲਈ ਅਸੀਂ ਇਸ ਗੱਲ ਬਾਰੇ ਨਿਸ਼ਚਤ ਨਹੀਂ ਹੋ ਸਕਦੇ ਕਿ ਪੌਲੁਸ ਦੇ ਮਨ ਵਿੱਚ ਦੋ ਸਮੂਹ ਸਨ। ਸ਼ਾਇਦ ਉਸ ਨੇ ਉਨ੍ਹਾਂ *ਸਭਨਾਂ* ਦਾ ਵਰਣਨ ਕਰਨ ਲਈ ਜਿਹੜੇ ਪਰਮੇਸ਼ੁਰ ਦੇ ਪ੍ਰਤੀ ਪੂਰਣ ਆਗਿਆਕਾਰੀ ਨਹੀਂ ਹਨ ਇਨ੍ਹਾਂ ਦੋਹਾਂ ਵਾਕਾਂ ਨੂੰ ਇੱਕ ਇਬਰਾਨੀ-ਕਿਸਮ ਦੀ ਸਮਾਨਾਂਤਰਤਾ ਵਜੋਂ ਵਰਤਿਆ। ਇਸ ਬੰਦ ਦਾ ਅਨੁਵਾਦ "ਜਿਹੜੇ ਪਰਮੇਸ਼ੁਰ ਨੂੰ ਨਹੀਂ ਜਾਣਦੇ ਅਤੇ ਸਾਡੇ ਪ੍ਰਭੂ ਯਿਸੂ ਦੀ ਇੰਜੀਲ ਨੂੰ ਨਹੀਂ ਮੰਨਦੇ" ਵਜੋਂ ਕੀਤਾ ਜਾ ਸਕਦਾ ਹੈ। ਭਾਵੇਂ ਅਸੀਂ ਇੱਕ ਜਾਂ ਦੋ ਸਮੂਹਾਂ ਦਾ ਵਰਣਨ ਕਰ ਰਹੇ ਹਾਂ, ਮੁੱਦੇ ਦੀ ਗੱਲ ਇਹ ਹੈ ਕਿ ਜਿੰਨੇ ਵੀ ਨਜ਼ਰ ਵਿੱਚ ਹਨ ਸਭਨਾਂ ਨੂੰ ਸਜ਼ਾ ਮਿਲੇਗੀ।

**ਆਇਤ 9. ਸਜ਼ਾ ਭੋਗਣਗੇ** ਉਸੇ ਯੂਨਾਨੀ ਸ਼ਬਦ ਦੇ ਰੂਪ ਵਿੱਚੋਂ ਹੈ ਜਿਸ ਦੀ ਚਰਚਾ 8 ਆਇਤ ਵਿੱਚ ਕੀਤੀ ਗਈ ਹੈ, ਜੋ ਪੂਰਾ ਨਿਆਂ ਕਰਨ ਵੱਲ ਇਸ਼ਾਰਾ ਕਰਦਾ ਹੈ। ਦੂਜੇ ਸ਼ਬਦਾਂ ਵਿੱਚ ਪਾਪ ਨੂੰ ਇਸ ਦੀ ਸਜ਼ਾ ਜ਼ਰੂਰ ਮਿਲੇਗੀ (ਵੇਖੋ ਇਬਰਾਨੀਆਂ 2:1–4)। ਇਹ ਸਜ਼ਾ ਕਿਸ ਤਰ੍ਹਾਂ ਦੀ ਹੋਵੇਗੀ? ਪੌਲੁਸ ਨੇ ਕਿਹਾ ਕਿ ਇਹ **ਵਿਨਾਸ** (ὄλεθρος, *ਓਲੀਥਰੋਸ*) ਹੋਵੇਗਾ। ਇਸ ਗੱਲ ਤੇ ਕੁਝ ਲੋਕ, ਜਿਵੇਂ ਕਿ ਯਹੋਵਾਹ ਵਿਟਨੈੱਸਸ ਵਾਲੇ, ਕਹਿਣਗੇ ਕਿ ਇਸ ਦਾ ਅਰਥ ਇਹ ਹੈ ਕਿ ਸਾਰੇ ਅਣਆਗਿਆਕਾਰ ਨਾਸ ਹੋ ਜਾਣਗੇ ਅਰਥਾਤ ਉਨ੍ਹਾਂ ਦਾ ਕੋਈ ਵਜੂਦ ਨਹੀਂ ਰਹੇਗਾ ਜਾਂ ਉਹ ਨਸ਼ਟ ਹੋ ਜਾਣਗੇ। ਫਿਰ ਵੀ, ਇਸ ਸ਼ਬਦ ਦਾ ਅਰਥ ਇਹ ਨਹੀਂ ਹੈ। ਜੇ. ਈ. ਫਰੇਮ ਨੇ ਕਿਹਾ ਹੈ ਕਿ *ਓਲੀਥਰੋਸ* ਵਿੱਚ "ਪੌਲੁਸ ਦੇ ਲਈ ਦੁਸ਼ਟ ਦਾ ਵਿਨਾਸ ਨਹੀਂ (ਕਿਉਂਕਿ ਉਹ ਮੌਤ ਤੋਂ ਬਾਅਦ ਵੀ ਹੋਣਗੇ . . .) ਪਰ ਮਸੀਹ ਤੋਂ ਉਨ੍ਹਾਂ ਦੀ ਜੁਦਾਈ ਸ਼ਾਮਲ ਹੈ।"[9] ਇਸ ਦੀ ਤੁਲਨਾ 1 ਕੁਰਿੰਥੀਆਂ 5:5 ਵਿੱਚ ਪੌਲੁਸ ਦੀ *ਓਲੀਥਰੋਸ* ਦੀ ਵਰਤੋਂ ਨਾਲ ਕਰੋ, ਜਿੱਥੇ ਉਸ ਨੇ ਹਰਾਮਕਾਰ ਮਨੁੱਖ ਨੂੰ ਉਸ ਦੇ ਸਰੀਰ ਦੇ "ਨਾਸ" ਹੋਣ ਲਈ ਉਸ ਨੂੰ ਸ਼ਤਾਨ ਦੇ ਹਵਾਲੇ ਕਰ ਦਿੱਤਾ ਤਾਂ ਜੋ ਉਹ ਦਾ ਆਤਮਾ ਪ੍ਰਭੂ ਯਿਸੂ ਦੇ ਦਿਨ ਬਚ ਜਾਵੇ। ਜੇਕਰ ਪੌਲੁਸ ਦਾ ਅਰਥ ਇਹ ਸੀ ਕਿ ਉਸ ਦੇ ਸਰੀਰ ਦਾ "ਵਿਨਾਸ" ਹੋ ਜਾਵੇਗਾ ਤਾਂ ਮਨੁੱਖ ਨੇ ਮਰ ਜਾਣਾ ਸੀ ਅਤੇ ਇਸ ਨੇ ਤੌਬਾ ਅਤੇ ਪ੍ਰਭੂ ਦੇ ਦਿਨ ਬਚਾਏ ਜਾਣ ਦੀ ਸੰਭਾਵਨਾ ਨੂੰ ਪਹਿਲਾਂ ਹੀ ਖਤਮ ਕਰ ਦੇਣਾ ਸੀ। "ਵਿਨਾਸ" ਤੋਂ ਪੌਲੁਸ ਦਾ ਅਰਥ ਸਪੱਸ਼ਟ ਤੌਰ ਤੇ ਉਸ ਦੇ ਸਰੀਰ ਵਿੱਚ ਕਿਸੇ ਕਿਸਮ

ਦਾ ਦੁੱਖ ਸੀ ਜੋ ਉਸ ਨੂੰ ਤੌਬਾ ਵੱਲ ਲੈ ਕੇ ਆਵੇਗਾ।

ਅਸੀਂ ਵੀ "ਨਾਸ" ਜਾਂ "ਨਾਸ ਕੀਤੇ ਗਏ" ਸ਼ਬਦ ਦੀ ਵਰਤੋਂ ਵਿਨਾਸ ਤੋਂ ਇਲਾਵਾ ਹੋਰ ਕਈ ਅਰਥਾਂ ਵਿੱਚ ਕਰ ਸਕਦੇ ਹਾਂ। ਦਰਅਸਲ, ਜਦੋਂ ਅਸੀਂ ਕਹਿੰਦੇ ਹਾਂ ਕਿ ਇੱਕ ਕਾਰ ਤਬਾਹੀ ਵਿੱਚ "ਨਾਸ ਹੋ ਗਈ" ਹੈ, ਸਾਡਾ ਅਰਥ ਇਹ ਨਹੀਂ ਹੁੰਦਾ ਕਿ ਕਾਰ ਦਾ ਕੁਝ ਨਹੀਂ ਰਿਹਾ, ਜੋ ਕਿ ਵਿਨਾਸ ਹੋਵੇਗਾ। ਬਲਕਿ ਸਾਡਾ ਅਰਥ ਇਹ ਹੁੰਦਾ ਹੈ ਕਿ ਜੋ ਬਚਿਆ ਹੈ ਉਹ ਨਾਸ ਹੋ ਗਿਆ ਹੈ, ਜਾਂ ਇਸ ਹੱਦ ਤੱਕ ਬਰਬਾਦ ਹੋ ਗਿਆ ਹੈ ਕਿ ਇਹ ਉਸ ਉਦੇਸ਼ ਨੂੰ ਪੂਰਾ ਨਹੀਂ ਕਰੇਗਾ ਜਿਸ ਦੇ ਲਈ ਇਸ ਨੂੰ ਬਣਾਇਆ ਗਿਆ ਹੈ। ਇਸ ਬੰਦ ਵਿੱਚ "ਵਿਨਾਸ" ਸ਼ਬਦ ਦਾ ਇਹੋ ਅਰਥ ਹੈ। ਮਨੁੱਖ ਨੇ, ਪਾਪ ਦੇ ਦੁਆਰਾ, ਖੁਦ ਨੂੰ ਪੂਰੀ ਤਰ੍ਹਾਂ "ਨਾਸ ਕਰ ਲਿਆ" ਹੈ ਅਤੇ ਪਰਮੇਸ਼ੁਰ ਉਸ ਨੂੰ ਇੱਕ ਅਜਿਹੀ ਹਾਲਤ ਦੇ ਹਵਾਲੇ ਕਰਕੇ ਸਜ਼ਾ ਦੇਵੇਗਾ ਜਿੱਥੇ ਉਹ ਸਦੀਪਕ ਕਾਲ ਤੀਕ ਇਸੇ ਤਰ੍ਹਾਂ ਹੀ ਰਹੇਗਾ (1 ਥੱਸਲੁਨੀਕੀਆਂ 5:3 ਤੇ ਚਰਚਾ ਵੇਖੋ)।

ਇਸ ਵਿਨਾਸ ਦਾ ਸਦਾ ਦੇ (αἰώνιος, *ਏਓਨੀਓਸ*) ਵਿਨਾਸ ਵਜੋਂ ਵਰਣਨ ਕੀਤਾ ਗਿਆ ਹੈ। ਕਿਉਂਕਿ ਨਿਆਂ ਤੋਂ ਬਾਅਦ ਵੀ ਯੁੱਗ "ਸਦਾ" ਲਈ ਚੱਲਦਾ ਰਹੇਗਾ (1 ਥੱਸਲੁਨੀਕੀਆਂ 4:17), ਅਸੀਂ ਜਾਣਦੇ ਹਾਂ ਕਿ ਇਹ "ਵਿਨਾਸ" ਕਦੇ ਖਤਮ ਹੋਣਾ ਵਾਲਾ ਨਹੀਂ ਹੈ। ਹੁਣ, ਜੇਕਰ ਇਹ ਵਿਨਾਸ ਤਬਾਹੀ ਜਾਂ ਵਜੂਦ ਦਾ ਖਤਮ ਹੋ ਜਾਣਾ ਹੁੰਦਾ, ਤਾਂ ਮਾਰਵਿਨ ਆਰ. ਵਿਨਸੈਂਟ ਇਹ ਕਹਿਣ ਵਿੱਚ ਬਿਲਕੁਲ ਸਹੀ ਹੈ ਕਿ "ਸਦਾ" ਸ਼ਬਦ ਨੂੰ ਇਸ ਨੂੰ ਸੁਧਾਰਨ ਲਈ ਨਹੀਂ ਵਰਤਿਆ ਜਾਣਾ ਸੀ, ਕਿਉਂਕਿ ਸਦੀਪਕ ਵਿਨਾਸ ਵਰਗੀ ਕੋਈ ਚੀਜ਼ ਨਹੀਂ ਹੋ ਸਕਦੀ।[10]

ਬਜਾਇ ਇਸ ਦੇ ਵਿਚਾਰ ਇਹ ਹੈ ਕਿ ਅਣਆਗਿਆਕਾਰ ਨਾਸ ਵਾਲੀ ਅਵਸਥਾ ਵਿੱਚ ਸਦਾ ਦੇ ਲਈ ਮੌਜੂਦ ਰਹਿਣਗੇ। ਇਹ ਮੱਤੀ 25:46 ਵਰਗੇ ਬੰਦ ਵਿੱਚ ਜ਼ਿਕਰ ਕੀਤੇ ਗਏ "ਸਦੀਪਕ ਜੀਉਣ" ਦੇ ਉਲਟ ਹੈ। ਇੱਕ ਅਵਸਥਾ ਮੁਬਾਰਕਪਣ ਦੀ ਅਵਸਥਾ ਵਿੱਚ ਗੁਣਾਂ ਵਾਲਾ ਅਸਤਿਤਵ ਹੈ ਜਿਸ ਨੂੰ ਇਕੱਲੇ ਨੂੰ "ਜੀਵਨ" ਕਹਾਉਣ ਦਾ ਹੱਕ ਹੈ। ਇਹ ਹੋਰ ਅਵਸਥਾ ਵਿਨਾਸ ਨਹੀਂ ਹੈ ਜਿਸ ਵਿੱਚ ਇਸ ਦਾ ਅਸਤਿਤਵ ਤਾਂ ਹੈ, ਪਰ ਅਜਿਹਾ ਅਸਤਿਤਵ ਹੈ ਜੋ ਨਾਸ ਹੋਈ ਅਵਸਥਾ ਹੈ ਅਤੇ ਇਸ ਨੂੰ ਜੀਵਨ ਕਹਾਉਣ ਦਾ ਕੋਈ ਹੱਕ ਨਹੀਂ ਹੈ। ਇਹ ਬਸ ਬਰਬਾਦੀ ਜਾਂ "ਵਿਨਾਸ" ਦੀ ਸਦਾ ਤੱਕ ਕਾਇਮ ਰਹਿਣ ਵਾਲੀ ਅਵਸਥਾ ਹੈ।

ਇੱਥੇ ਅਸੀਂ ਅਣਆਗਿਆਕਾਰ ਨੂੰ ਮਸੀਹ ਦੁਆਰਾ ਦਿੱਤੀ ਜਾਣ ਵਾਲੀ ਸਜ਼ਾ ਦੇ ਇੱਕ ਹੋਰ ਪਹਿਲੂ ਨੂੰ ਵੇਖਦੇ ਹਾਂ ਜਦੋਂ ਉਹ ਦੁਬਾਰਾ ਵਾਪਸ ਆਵੇਗਾ। ਇਸ ਵਿੱਚ ਉਨ੍ਹਾਂ ਦਾ **ਪ੍ਰਭੂ ਦੇ ਹਜ਼ੂਰੋਂ ਦੂਰ ਜਾਣਾ** ਸ਼ਾਮਲ ਹੈ। ਉਨ੍ਹਾਂ ਤੇ ਪ੍ਰਭੂ ਦੀ ਹਜ਼ੂਰੀ ਵਿੱਚ ਜਾਣ ਤੇ ਪਾਬੰਦੀ ਲਾ ਦਿੱਤੀ ਜਾਵੇਗੀ। ਮੱਤੀ 7:23 ਅਤੇ 25:41 ਵਿੱਚ, ਮਸੀਹ ਕਹਿੰਦਾ ਹੈ ਕਿ ਉਹ ਕਹੇਗਾ, "ਮੇਰੇ ਕੋਲੋਂ ਚੱਲੇ ਜਾਓ," ਜਦ ਕਿ ਮੱਤੀ 8:12 ਵਿੱਚ ਮਸੀਹ ਕਹਿੰਦਾ ਹੈ ਕਿ ਬਾਗੀ ਨੂੰ "ਬਾਹਰ ਦੇ ਅੰਧਘੋਰ ਵਿੱਚ ਸੁੱਟ ਦਿੱਤਾ" ਜਾਵੇਗਾ।" ਉਸ ਤੋਂ ਜਿਹੜਾ ਸਾਰੇ ਚਾਨਣ ਅਤੇ ਪ੍ਰੇਮ ਦਾ ਸਰੋਤ ਹੈ ਦੂਰ ਸੁੱਟਿਆ ਜਾਣਾ ਕਿੰਨੀ ਮਾੜੀ ਕਿਸਮਤ ਹੈ! ਇਸ ਵਿੱਚ ਕੋਈ ਹੈਰਾਨਗੀ ਦੀ ਗੱਲ ਨਹੀਂ ਹੈ ਕਿ ਇਹ ਉਹ ਥਾਂ ਹੈ ਜਿੱਥੇ "ਰੋਣਾ ਅਤੇ ਕਚੀਚੀਆਂ ਵੱਟਣਾ ਹੋਵੇਗਾ" (ਮੱਤੀ 22:13)। ਇਸ ਦੀ ਤੁਲਨਾ 1 ਥੱਸਲੁਨੀਕੀਆਂ 4:17 ਨਾਲ ਕਰੋ, ਜਿੱਥੇ ਅਸੀਂ "ਸਦਾ ਪ੍ਰਭੂ ਦੇ ਸੰਗ ਰਹਾਂਗੇ।"

ਜਿਹੜੇ ਬਾਹਰ ਕੱਢ ਦਿੱਤੇ ਜਾਣਗੇ **ਉਹ ਦੀ ਸਮਰੱਥਾ ਦੇ ਤੇਜ** ਤੋਂ ਦੂਰ ਕਰ ਦਿੱਤੇ ਜਾਣਗੇ (ਯਸਾਯਾਹ 2:10–22 ਨਾਲ ਤੁਲਨਾ ਕਰੋ)। ਉਹ ਦੀ ਸਮਰੱਥਾ ਦਾ ਤੇਜ ਅਤੇ ਸ਼ਾਨ, ਜਿਸ ਦਾ ਨਿਆਂ ਤੋਂ ਬਾਅਦ ਆਗਿਆਕਾਰ ਦੁਆਰਾ ਪੂਰਾ ਅਨੁਭਵ ਕੀਤਾ ਅਤੇ ਅਨੰਦ ਮਾਣਿਆ

ਜਾਵੇਗਾ, ਅਣਆਗਿਆਕਾਰ ਦੁਆਰਾ ਨਹੀਂ ਵੇਖਿਆ ਜਾਵੇਗਾ ਕਿਉਂਕਿ ਉਹ ਪਰਮੇਸ਼ੁਰ ਦੀ ਹਜ਼ੂਰੀ ਤੋਂ ਦੂਰ ਕਰ ਦਿੱਤੇ ਜਾਣਗੇ।

**ਆਇਤ 10.** 8 ਅਤੇ 9 ਆਇਤਾਂ ਵਿੱਚ ਜਿਨ੍ਹਾਂ ਘਟਨਾਵਾਂ ਬਾਰੇ ਗੱਲ ਕੀਤੀ ਗਈ ਹੈ **ਉਸ ਦਿਨ**—ਦੂਜੀ ਆਮਦ ਦਾ ਦਿਨ—ਹੋਣਗੀਆਂ ਜਿਸ ਦਾ ਹਵਾਲਾ ਉਸ ਦਿਨ ਵਜੋਂ ਦਿੱਤਾ ਗਿਆ "ਜਦ ਪ੍ਰਭੂ ਯਿਸੂ ਪਰਗਟ ਹੋਵੇਗਾ" (ਆਇਤ 7)। ਜਦੋਂ ਉਸ ਦਾ ਆਉਣਾ ਹੋਵੇਗਾ, ਇਹ ਦੋ ਉਦੇਸ਼ਾਂ ਲਈ ਹੋਵੇਗਾ।

ਪਹਿਲਾ ਉਦੇਸ਼, ਮਸੀਹ **ਆਪਣੇ ਸੰਤਾਂ ਵਿੱਚ ਵਡਿਆਇਆ ਜਾਵੇਗਾ**। ਜਿਵੇਂ ਕਿ ਅਸੀਂ 7 ਆਇਤ ਦੀ "ਭੜਕਦੀ ਅੱਗ" ਵਿੱਚੋਂ ਵੇਖ ਚੁੱਕੇ ਹਾਂ, ਯਿਸੂ ਦਾ ਰੂਪ ਤੇਜ ਵਾਲਾ ਹੋਵੇਗਾ (ਰਸੂਲਾਂ ਦੇ ਕਰਤੱਬ 22:11 ਨਾਲ ਤੁਲਨਾ ਕਰੋ) ਅਤੇ ਇਹ ਆਇਤ ਕਹਿੰਦੀ ਹੈ ਕਿ ਉਸ ਦਾ ਤੇਜ ਉਸ ਦੇ ਲੋਕਾਂ "ਵਿੱਚ" ਵੇਖਿਆ ਜਾਵੇਗਾ। ਉਹ ਬਲ ਅਤੇ ਭਲਿਆਈ ਦੀ ਨੁਮਾਇਸ਼ ਹੋਣਗੇ, ਜਿਹੜੇ ਆਖ਼ਰਕਾਰ ਵਾਪਸ ਉਸ ਉੱਤੇ ਤੇਜ ਨੂੰ ਚਮਕਾਵੇਗੀ (ਰੋਮੀਆਂ 8:17; ਫ਼ਿਲਿੱਪੀਆਂ 3:21; 1 ਪਤਰਸ 2:9 ਨਾਲ ਤੁਲਨਾ ਕਰੋ)।

ਯੂਨਾਨੀ ਸ਼ਬਦ ἐνδοξάζω (*ਐਨਡੋਕਸਾਜ਼ੋ*) ਦਾ ਅਰਥ ਹੈ "ਵਿੱਚ ਵਡਿਆਇਆ ਜਾਣਾ" ਅਤੇ ਇਹ ਸ਼ਬਦ ਨਵੇਂ ਨੇਮ ਵਿੱਚ ਸਿਰਫ ਇੱਥੇ ਅਤੇ 12 ਆਇਤ ਵਿੱਚ ਮਿਲਦਾ ਹੈ। "ਉਹ ਦੇ ਪਵਿੱਤਰ ਲੋਕਾਂ ਵਿੱਚ [*ਏਨ*]" (NIV) ਵਾਕ ਵਿੱਚ ਪੂਰਵ-ਸਰਗ ਦੁਹਰਾਇਆ ਗਿਆ ਹੈ। ਇਹ ਜ਼ੋਰ ਦਿੰਦਾ ਹੈ ਕਿ ਕਿਵੇਂ ਪਰਮੇਸ਼ੁਰ ਦੇ ਲੋਕ ਉਸ ਦੇ ਤੇਜ ਨੂੰ ਪਰਗਟ ਕਰਦੇ ਹਨ, ਕਿਉਂਕਿ ਉਹ "ਮਸੀਹ ਵਿੱਚ ਰਚੀ ਗਈ, ਉਹ ਦੀ ਰਚਨਾ ਹਨ" (ਅਫ਼ਸੀਆਂ 2:10)। ਪਰਮੇਸ਼ੁਰ ਦੇ ਸਾਂਚੇ ਵਿੱਚ, "ਜਿਹੜਾ ਵਿਅਕਤੀ ਕੁਝ ਵੀ ਨਹੀਂ ਹੁੰਦਾ" ਉਹ "ਕੁਝ ਨਾ ਕੁਝ" ਬਣ ਜਾਂਦਾ ਹੈ। ਉਹ ਜੋ ਹਨ ਉਸ ਦਿਨ "ਹਾਕਮਾਂ ਅਤੇ ਇਖ਼ਤਿਆਰਾਂ ਅਤੇ ਸੁਰਗੀ ਥਾਵਾਂ ਵਿੱਚ ਹਕੂਮਤਾਂ" ਸਮੇਤ ਸਾਰਿਆਂ ਤੇ ਪਰਗਟ ਹੋ ਜਾਵੇਗਾ (ਅਫ਼ਸੀਆਂ 3:10) ਅਤੇ ਉਹ ਜੋ ਹਨ ਉਸ ਦਿਨ ਉਨ੍ਹਾਂ ਦੇ ਰਚਨਹਾਰ ਦੇ ਤੇਜ ਦੇ ਲਈ ਪਲਟ ਕੇ ਆਵੇਗਾ (ਗਲਾਤੀਆਂ 1:24; 1 ਯੂਹੰਨਾ 3:2)।[11]

ਦੂਜਾ ਉਦੇਸ਼, "ਉਸ ਦਿਨ" ਉਹ **ਸਾਰੇ ਨਿਹਚਾਵਾਨਾਂ ਵਿੱਚ ਅਚਰਜ ਮੰਨਿਆ** ਜਾਵੇਗਾ। ਇਹ ਹਵਾਲਾ "ਨਿਹਚਾਵਾਨਾਂ" ਜਾਂ ਮਸੀਹੀ ਲੋਕਾਂ ਦਾ ਹੈ। ਜਦ ਕਿ ਆਇਤ 9 ਵਿੱਚ ਅਸੀਂ ਪੜ੍ਹਦੇ ਹਾਂ ਕਿ ਗੈਰ-ਵਿਸ਼ਵਾਸੀਆਂ ਨੂੰ ਪਰਮੇਸ਼ੁਰ ਦੀ ਹਜ਼ੂਰੀ ਤੋਂ ਕੱਢ ਦਿੱਤਾ ਜਾਵੇਗਾ, "ਵਿਸ਼ਵਾਸੀ" ਨਾ ਸਿਰਫ ਉਸ ਦੇ ਤੇਜ ਨੂੰ ਪਰਗਟ ਕਰਨਗੇ ਪਰ ਉਸ ਦੀ ਹਜ਼ੂਰੀ ਤੇ "ਅਚਰਜ ਵੀ ਮੰਨਣਗੇ।" ਉਸ ਦੀ ਹਜ਼ੂਰੀ ਉਮੀਦ ਨਾਲੋਂ ਵੀ ਜ਼ਿਆਦਾ ਪ੍ਰਬਲ ਹੋਵੇਗੀ, ਇਸ ਲਈ ਉਹ ਹੈਰਾਨੀ ਅਤੇ ਡਰ ਨਾਲ ਭਰ ਜਾਣਗੇ। ਜਿਹੜੇ ਲੋਕ ਉਸ ਦੇ ਤੇਜ ਨੂੰ ਪਰਗਟ ਕਰਨਗੇ ਅਤੇ ਉਸ ਤੇ ਅਚਰਜ ਮੰਨਣਗੇ ਥੱਸਲੁਨੀਕੀ ਹੋਣਗੇ ਕਿਉਂਕਿ ਉਨ੍ਹਾਂ ਨੇ ਪੌਲੁਸ ਦੀ ਸਾਖੀ ਅਤੇ ਪਰਚਾਰ ਦੀ ਪਰਤੀਤ ਕੀਤੀ ਸੀ (1 ਥੱਸਲੁਨੀਕੀਆਂ 2:13)।

## ਬੇਨਤੀ (1:11, 12)

**[11]ਇਸੇ ਕਰਕੇ ਅਸੀਂ ਤੁਹਾਡੇ ਲਈ ਸਦਾ ਪ੍ਰਾਰਥਨਾ ਕਰਦੇ ਰਹਿੰਦੇ ਹਾਂ ਭਈ ਤੁਹਾਨੂੰ ਸਾਡਾ ਪਰਮੇਸ਼ੁਰ ਤੁਹਾਡੇ ਸੱਦੇ ਦੇ ਜੋਗ ਜਾਣੇ ਅਤੇ ਨੇਕੀ ਦੀ ਸਾਰੀ ਭਾਵਨਾ ਨੂੰ ਅਤੇ ਨਿਹਚਾ ਦੇ ਕੰਮ ਨੂੰ ਸਮਰੱਥਾ ਨਾਲ ਪੂਰਿਆਂ ਕਰੇ। [12]ਤਾਂ ਜੋ ਸਾਡੇ ਪਰਮੇਸ਼ੁਰ ਅਤੇ ਪ੍ਰਭੂ ਯਿਸੂ ਮਸੀਹ**

**ਦੀ ਕਿਰਪਾ ਦੇ ਅਨੁਸਾਰ ਤੁਹਾਡੇ ਵਿੱਚ ਸਾਡੇ ਪ੍ਰਭੂ ਯਿਸੂ ਦਾ ਨਾਮ ਵਡਿਆਇਆ ਜਾਵੇ ਅਤੇ ਉਸ ਵਿੱਚ ਤੁਸੀਂ ਵੀ।**

**ਆਇਤ 11.** ਪੌਲੁਸ ਨੇ ਥੱਸਲੁਨੀਕੀਆਂ ਦੇ ਆਖ਼ਰੀ ਮੇਲ-ਮਿਲਾਪ ਨੂੰ ਹਮੇਸ਼ਾ ਆਪਣੇ ਮਨ ਵਿੱਚ ਰੱਖਿਆ, ਇਸ ਲਈ ਉਸ ਨੇ ਅਤੇ ਉਸ ਦੇ ਸਹਿਕਰਮੀਆਂ ਨੇ ਉਨ੍ਹਾਂ ਦੇ ਲਈ ਸਦਾ ਪ੍ਰਾਰਥਨਾ ਕੀਤੀ (1 ਥੱਸਲੁਨੀਕੀਆਂ 3:10; ਕੁਲੁੱਸੀਆਂ 1:9–12 ਨਾਲ ਤੁਲਨਾ ਕਰੋ)। ਪੌਲੁਸ ਸੱਚਮੁੱਚ ਪ੍ਰਾਰਥਨਾ ਦੇ ਪ੍ਰਭਾਵ ਵਿੱਚ ਵਿਸ਼ਵਾਸ ਕਰਦਾ ਸੀ। ਇਸ ਮੌਕੇ ਤੇ ਥੱਸਲੁਨੀਕੀਆਂ ਦੇ ਲਈ ਉਸ ਦੀ ਪ੍ਰਾਰਥਨਾ ਇਹ ਸੀ ਕਿ **ਤੁਹਾਨੂੰ ਸਾਡਾ ਪਰਮੇਸ਼ੁਰ ਸੱਦੇ ਦੇ ਜੋਗ ਜਾਣੇ**। "ਤੁਹਾਡਾ ਸੱਦਾ" ਪਰਮੇਸ਼ੁਰ ਨਾਲ ਮੇਲ ਮਿਲਾਪ ਕਰਨ ਦੇ ਸੱਦੇ ਦਾ ਹਵਾਲਾ ਦਿੰਦਾ ਹੈ (2 ਕੁਰਿੰਥੀਆਂ 5:19), ਜੋ ਕਿ ਖੁਸ਼ਖ਼ਬਰੀ ਸੰਦੇਸ਼ ਦੇ ਇੱਕ ਹਿੱਸੇ ਵਜੋਂ ਦਿੱਤਾ ਜਾਂਦਾ ਹੈ (1 ਕੁਰਿੰਥੀਆਂ 1:26)। "ਜੋਗ ਗਿਣੇ" (ਆਇਤ 5; ਵੇਖੋ 1 ਥੱਸਲੁਨੀਕੀਆਂ 2:12) ਜਾਣ ਦਾ ਅਰਥ ਹੈ ਪਰਮੇਸ਼ੁਰ ਦੀ ਕਿਰਪਾ ਰਾਹੀਂ ਉਸ ਦੀ ਮਾਫ਼ੀ ਦਾ ਅਨੰਦ ਮਾਣਨਾ ਹੈ ਤਾਂ ਜੋ ਉਹ ਸਾਨੂੰ ਤਦ ਵੀ ਜੋਗ ਗਿਣੇ ਜਦੋਂ ਅਸੀਂ ਪਾਪ ਦੇ ਦੋਸ਼ੀ ਹੁੰਦੇ ਹਾਂ। ਫਿਰ ਵੀ, ਉਹ ਇਹ ਤਦ ਤੱਕ ਨਹੀਂ ਕਰੇਗਾ ਜਦੋਂ ਤੱਕ ਅਸੀਂ "ਉਸ ਦੇ ਸੱਦੇ ਦੇ ਜੋਗ ਚਾਲ ਚੱਲਣ" ਦੀ ਕੋਸ਼ਿਸ਼ ਨਹੀਂ ਕਰਦੇ (ਅਫ਼ਸੀਆਂ 4:1), ਜਿਸ ਦੇ ਵਿੱਚ ਆਪਣੇ ਪਾਪਾਂ ਨੂੰ ਮੰਨਣਾ ਅਤੇ ਉਨ੍ਹਾਂ ਤੋਂ ਤੌਬਾ ਕਰਨਾ ਸ਼ਾਮਲ ਹੁੰਦਾ ਹੈ (1 ਯੂਹੰਨਾ 1:8–10)। ਪੌਲੁਸ ਇਹ ਵੀ ਪ੍ਰਾਰਥਨਾ ਕਰ ਰਿਹਾ ਸੀ ਕਿ ਪਰਮੇਸ਼ੁਰ **ਨੇਕੀ ਦੀ ਸਾਰੀ ਭਾਵਨਾ ਨੂੰ ਅਤੇ ਨਿਹਚਾ ਦੇ ਕੰਮ ਨੂੰ ਸਮਰੱਥਾ ਨਾਲ ਪੂਰਿਆਂ ਕਰੇ**। ਉਹ ਪ੍ਰਾਰਥਨਾ ਕਰ ਰਿਹਾ ਸੀ ਕਿ ਪਰਮੇਸ਼ੁਰ ਦੀ "ਸਮਰੱਥਾ" ਨਾਲ ਉਨ੍ਹਾਂ ਦਾ "ਹਰੇਕ ਚੰਗਾ ਮਕਸਦ" (NIV) ਪੂਰਾ ਹੋਵੇ। "ਨੇਕੀ" ਆਤਮਾ ਦੇ ਫਲ ਵਿੱਚੋਂ ਇੱਕ ਫਲ ਹੈ (ਗਲਾਤੀਆਂ 5:22)। ਉਸ ਨੇ ਇੱਕ ਵਾਰ ਫੇਰ "ਨਿਹਚਾ ਦੇ ਕੰਮ" ਦਾ ਜ਼ਿਕਰ ਕੀਤਾ ਅਤੇ ਸਾਨੂੰ ਫੇਰ ਚੇਤੇ ਕਰਾਇਆ ਗਿਆ ਹੈ ਕਿ ਸੱਚੀ ਨਿਹਚਾ ਨੇਕ ਕੰਮਾਂ ਨੂੰ ਪੈਦਾ ਕਰੇਗੀ (1 ਥੱਸਲੁਨੀਕੀਆਂ 1:3)। "ਸਮਰੱਥਾ ਨਾਲ" ਸ਼ਬਦ ਯੂਨਾਨੀ ਸਬਦ ἐν δυνάμει (*ਏਨ ਡੁਨਾਮੀ*) ਤੋਂ ਆਇਆ ਹੈ ਜਿਸ ਦਾ ਅਰਥ ਹੈ "ਸਮਰੱਥਾ ਵਿੱਚ।" ਇਸ ਦੀ ਤੁਲਨਾ ਪਵਿੱਤਰ ਆਤਮਾ ਦੇ ਰਾਹੀਂ (1 ਥੱਸਲੁਨੀਕੀਆਂ 1:5) "ਮਸੀਹ ਵਿੱਚ" (1 ਕੁਰਿੰਥੀਆਂ 1:24) ਪਰਮੇਸ਼ੁਰ ਦੀ ਸਮਰੱਥਾ ਨਾਲ ਕੀਤੀ ਜਾਣੀ ਚਾਹੀਦੀ ਹੈ।[12]

**ਆਇਤ 12.** ਜਦੋਂ ਮਨੁੱਖ ਪ੍ਰਭੂ ਨੂੰ ਕਬੂਲ ਕਰਦੇ ਅਤੇ ਉਸ ਦੀਆਂ ਸਿੱਖਿਆਵਾਂ ਦਾ ਪਾਲਣ ਕਰਦੇ ਹਨ, ਉਨ੍ਹਾਂ ਵਿੱਚ **ਉਸ ਦੇ ਨਾਮ ਦੀ ਵਡਿਆਈ ਹੁੰਦੀ ਹੈ** (ਯੂਹੰਨਾ 17:10; ਗਲਾਤੀਆਂ 1:24)। ਦੂਜੇ ਪਾਸੇ, ਮਸੀਹ ਅਰਥਾਤ ਸਾਡੇ ਗੁਰੂ ਦੀ ਮਹਾਨਤਾ ਸਾਡੇ ਲਈ ਅਰਥਾਤ ਉਸ ਦੇ ਸਿਖਿਆਰਥੀਆਂ (**ਉਸ ਵਿੱਚ ਤੁਸੀਂ**) ਵਡਿਆਈ ਲਿਆਉਂਦੀ ਹੈ। ਸਾਡੀ ਵਡਿਆਈ ਉਸ ਦੀ ਮਹਾਨਤਾ ਦੇ ਕਾਰਣ ਹੁੰਦੀ ਹੈ। ਇਹ ਸਭ ਕੁਝ ਸਿਰਫ **ਸਾਡੇ ਪਰਮੇਸ਼ੁਰ ਅਤੇ ਪ੍ਰਭੂ ਯਿਸੂ ਮਸੀਹ ਦੀ ਕਿਰਪਾ** [ਅਤੇ ਅਣਕਮਾਈ ਕਿਰਪਾ] ਰਾਹੀਂ ਸੰਭਵ ਹੈ।

## ਪ੍ਰਾਸੰਗਿਕਤਾ

ਇਸ ਪਹਿਲੇ ਅਧਿਆਇ ਦਾ ਮੁੱਖ ਵਿਸ਼ਾ "ਪ੍ਰੇਰਣਾ" ਹੈ। ਥੱਸਲੁਨੀਕੇ ਦੀ ਕਲੀਸੀਆ ਸਤਾਓ ਅਤੇ ਦੁੱਖਾਂ ਤੋਂ ਹਾਰ ਚੁੱਕੀ ਸੀ ਅਤੇ ਉਨ੍ਹਾਂ ਨੂੰ ਦਿਲ ਨੂੰ ਛੋਹਣ ਵਾਲੇ ਵਚਨ ਦੀ ਲੋੜ ਸੀ। ਸ਼ਾਇਦ ਉਨ੍ਹਾਂ ਵਿੱਚੋਂ ਕੁਝ ਲੋਕ ਹੈਰਾਨ ਹੋ ਰਹੇ ਸਨ ਕਿ "ਜੇਕਰ ਅਸੀਂ ਸਚਿਆਈ ਨੂੰ ਕਬੂਲ ਕਰ ਲਿਆ ਹੈ ਤਾਂ ਸਾਡੇ ਤੇ ਇਹ ਸਾਰਾ ਸਤਾਓ ਕਿਉਂ ਆ ਰਿਹਾ ਹੈ?"

ਪੌਲੁਸ ਨੂੰ ਫੇਰ ਥੱਸਲੁਨੀਕੀਆਂ ਵੱਲੋਂ ਸੁਨੇਹਾ ਮਿਲਿਆ ਜਿਸ ਨੇ ਉਸ ਨੂੰ ਇਸ ਗੱਲ ਦੀ ਸਮਝ ਦਿੱਤੀ ਕਿ ਉਨ੍ਹਾਂ ਨੂੰ ਉਸ ਦੀ ਪਹਿਲੀ ਪੱਤ੍ਰੀ ਮਿਲ ਚੁੱਕੀ ਸੀ। ਉਸ ਨੂੰ ਪਤਾ ਲੱਗਾ ਕਿ ਕਲੀਸੀਆ ਦੇ ਵਿਰੁੱਧ ਹਾਲੇ ਵੀ ਸਤਾਵ ਚੱਲ ਰਹੇ ਸਨ, ਇਹ ਕਿ ਉਨ੍ਹਾਂ ਅੰਦਰ ਹਾਲੇ ਵੀ ਦੂਜੀ ਆਮਦ ਬਾਰੇ ਗਲਤਫਹਿਮੀ ਸੀ ਅਤੇ ਇਹ ਕਿ ਉਹ ਨਿਹਚਾ ਅਤੇ ਪ੍ਰੇਮ ਵਿੱਚ ਅੱਗੇ ਵੱਧ ਰਹੇ ਸਨ।

ਇਸ ਪੱਤ੍ਰੀ ਵਿੱਚ ਉਸ ਦੀ ਚਿੰਤਾ ਦੂਜੀ ਆਮਦ ਬਾਰੇ ਉਨ੍ਹਾਂ ਦੀ ਗਲਤਫਹਿਮੀ ਨੂੰ ਦੂਰ ਕਰਨਾ ਅਤੇ ਉਨ੍ਹਾਂ ਨੂੰ ਮਸੀਹ ਵਿੱਚ ਉੱਨਤੀ ਕਰਨ ਦੇ ਲਈ ਉਤਸ਼ਾਹਿਤ ਕਰਨਾ ਸੀ।

## ਪਰਮੇਸ਼ੁਰ ਅਤੇ ਮਸੀਹ ਵੱਲੋਂ ਬਰਕਤਾਂ (1:1, 2)

ਮੰਨਿਆ ਜਾਂਦਾ ਹੈ ਕਿ 1 ਅਤੇ 2 ਥੱਸਲੁਨੀਕੀਆਂ ਦੀ ਪੱਤ੍ਰੀ ਦੋਵੇਂ ਪੌਲੁਸ, ਸੀਲਾਸ ਅਤੇ ਤਿਮੋਥਿਉਸ ਦੁਆਰਾ ਲਿਖੀਆਂ ਗਈਆਂ ਸਨ। ਸਪੱਸ਼ਟ ਤੌਰ ਤੇ, ਪੌਲੁਸ ਮੁੱਖ ਲੇਖਕ ਹੈ। ਸੀਲਾਸ ਅਤੇ ਤਿਮੋਥਿਉਸ ਦਾ ਇਸ ਲਈ ਜ਼ਿਕਰ ਕੀਤਾ ਗਿਆ ਹੈ ਕਿਉਂਕਿ ਉਹ ਉਸ ਦੇ ਨਾਲ ਸਨ ਅਤੇ ਥੱਸਲੁਕੀਨੇ ਦੇ ਲੋਕ ਉਨ੍ਹਾਂ ਨੂੰ ਚੰਗੀ ਤਰ੍ਹਾਂ ਜਾਣਦੇ ਸਨ।

ਪੌਲੁਸ ਨੇ ਕਿਹਾ ਹੈ ਕਿ ਪਰਮੇਸ਼ੁਰ ਅਤੇ ਮਸੀਹ ਵੱਲੋਂ ਕੁਝ ਬਰਕਤਾਂ ਹਨ। ਇਹ ਬਰਕਤਾਂ ਸਾਡੀਆਂ ਸਾਰੀਆਂ ਆਤਮਿਕ ਲੋੜਾਂ ਨੂੰ ਪੂਰਾ ਕਰਦੀਆਂ ਹਨ ਜਿਨ੍ਹਾਂ ਦੀ ਸਾਨੂੰ ਕਦੇ ਲੋੜ ਪੈ ਸਕਦੀ ਹੈ।

*ਰੱਬੀ ਪਰਕਾਸ਼ ਜੋ ਸਾਨੂੰ ਕੁਝ ਦੱਸਦਾ ਹੈ।* ਉਸ ਨੇ ਆਪਣੀ ਇਹ ਪੱਤ੍ਰੀ ਭੇਜ ਕੇ ਇਹ ਦੱਸਿਆ ਕਿ ਉਨ੍ਹਾਂ ਨੂੰ ਉਹ ਮਾਰਗ ਦਰਸ਼ਨ ਦੇਣ ਦੇ ਲਈ ਜੋ ਉਨ੍ਹਾਂ ਦੀ ਸਥਿਤੀ ਮੰਗ ਕਰ ਰਹੀ ਸੀ ਇੱਕ ਰੱਬੀ ਪਰਕਾਸ਼ ਪ੍ਰਾਪਤ ਹੋ ਰਿਹਾ ਸੀ। ਪੌਲੁਸ ਦੇ ਰਾਹੀਂ, ਪਰਮੇਸ਼ੁਰ ਉਨ੍ਹਾਂ ਨੂੰ ਨਵੇਂ ਨੇਮ ਦੇ ਧਰਮ ਸਿਧਾਂਤ ਦਾ ਇੱਕ ਹਿੱਸਾ ਦੇ ਰਿਹਾ ਸੀ।

*ਰੱਬੀ ਕਿਰਪਾ ਜੋ ਸਾਨੂੰ ਸੰਭਾਲਦੀ ਹੈ।* ਪੌਲੁਸ ਨੇ ਕਿਹਾ ਕਿ ਕਿਰਪਾ ਪਿਤਾ ਪਰਮੇਸ਼ੁਰ ਅਤੇ ਯਿਸੂ ਮਸੀਹ ਵੱਲੋਂ ਆਉਂਦੀ ਹੈ। ਦਰਅਸਲ, ਸਿਰਫ ਪਰਮੇਸ਼ੁਰ ਅਤੇ ਮਸੀਹ ਸਾਨੂੰ ਉਹ ਕਿਰਪਾ ਦੇ ਸਕਦਾ ਹੈ ਜਿਸ ਦੀ ਸਾਨੂੰ ਲੋੜ ਹੈ।

ਕਿਰਪਾ ਉਹ ਅਹਿਸਾਨ ਹੈ ਜਿਸ ਦੇ ਅਸੀਂ ਲਾਇਕ ਨਹੀਂ ਹੈ। ਉਸ ਦੀ ਕਿਰਪਾ ਨਾਲ ਅਸੀਂ ਆਪਣੇ ਪਾਪਾਂ ਤੋਂ ਬਚਾਏ ਗਏ, ਹਾਲਾਂਕਿ ਅਸੀਂ ਇਸ ਕਿਰਪਾ ਨੂੰ ਕਮਾਇਆ ਨਹੀਂ ਹੈ। ਉਸ ਦੀ ਕਿਰਪਾ ਨਾਲ, ਅਸੀਂ ਮੁਕਤੀ ਵਿੱਚ ਖੜ੍ਹੇ ਹਾਂ, ਹਾਲਾਂਕਿ ਅਸੀਂ ਇਸ ਦੇ ਕਾਬਲ ਨਹੀਂ ਹਾਂ। ਕਿੰਨਾ ਉਤਸ਼ਾਹਪੂਰਣ ਵਿਚਾਰ ਹੈ!

*ਰੱਬੀ ਸ਼ਾਂਤੀ ਜੋ ਸਾਨੂੰ ਸ਼ਾਂਤ ਰੱਖਦੀ ਹੈ।* ਪੌਲੁਸ ਨੇ ਕਿਹਾ ਕਿ ਸ਼ਾਂਤੀ ਪਿਤਾ ਪਰਮੇਸ਼ੁਰ ਅਤੇ ਯਿਸੂ ਮਸੀਹ ਵੱਲੋਂ ਆਉਂਦੀ ਹੈ। ਇਹ ਸ਼ਾਂਤੀ ਪਰਮੇਸ਼ੁਰ ਦੀ ਕਿਰਪਾ ਦੇ ਨਤੀਜੇ ਵਜੋਂ ਆਉਂਦੀ ਹੈ। ਅਸੀਂ ਪਰਮੇਸ਼ੁਰ ਦੀ ਕਿਰਪਾ ਨਾਲ ਬਚਾਏ ਗਏ ਹਾਂ ਅਤੇ ਇਸ ਦੇ ਨਤੀਜੇ ਵਜੋਂ, ਸਾਡੇ ਕੋਲ ਉਹ ਸ਼ਾਂਤੀ ਹੈ ਜੋ ਖੁਸ਼ਖ਼ਬਰੀ ਦੀ ਆਗਿਆਕਾਰੀ ਤੋਂ ਆਉਂਦੀ ਹੈ (ਰੋਮੀਆਂ 5:1) ਅਤੇ ਵਿਹਾਰਕ ਸ਼ਾਂਤੀ ਜੋ ਪ੍ਰਾਰਥਨਾ ਦੇ ਰਾਹੀਂ ਆਉਂਦੀ ਹੈ (ਫ਼ਿਲਿੱਪੀਆਂ 4:6)।

ਸਾਨੂੰ ਪਰਮੇਸ਼ੁਰ ਵੱਲੋਂ ਸੰਦੇਸ਼, ਆਪਣੇ ਪਾਪਾਂ ਦੇ ਲਈ ਕਿਰਪਾ ਅਤੇ ਆਪਣੇ ਥੱਕੇ ਹੋਏ ਦਿਲਾਂ ਦੇ ਲਈ ਸ਼ਾਂਤੀ ਦੀ ਲੋੜ ਹੈ। ਪਰਮੇਸ਼ੁਰ ਅਤੇ ਮਸੀਹ ਨੇ ਸਾਡੀਆਂ ਇਨ੍ਹਾਂ ਕਮੀਆਂ ਨੂੰ ਦੂਰ ਕੀਤਾ ਹੈ ਅਤੇ ਨਿਹਚਾ ਦੇ ਨਾਲ, ਅਸੀਂ ਉਨ੍ਹਾਂ ਨੂੰ ਪ੍ਰਾਪਤ ਕਰਦੇ ਹਾਂ ਅਤੇ ਉਨ੍ਹਾਂ ਵਿੱਚ ਚੱਲਦੇ ਹਾਂ। EC

**ਜ਼ਿਆਦਾ ਸ਼ਲਾਘਾਯੋਗ ਗੁਣ (1:3, 4)**

ਹਾਲਾਂਕਿ ਪੌਲੁਸ ਜਦੋਂ ਇਸ ਪੱਤ੍ਰੀ ਨੂੰ ਲਿਖਣਾ ਸ਼ੁਰੂ ਕਰਦਾ ਹੈ ਤਾਂ ਉਹ ਜ਼ਿਆਦਾ ਸਮਾਂ ਖ਼ੁਦ ਬਾਰੇ ਗੱਲਬਾਤ ਕਰਨ ਵਿੱਚ ਬਤੀਤ ਨਹੀਂ ਕਰਦਾ, ਉਹ ਉਸ ਵਿਸ਼ੇ ਵੱਲ ਜਾਣ ਤੋਂ ਪਹਿਲਾਂ ਥੱਸਲੁਨੀਕੀਆਂ ਦੀ ਸ਼ਲਾਘਾ ਕਰਦਾ ਹੈ ਜਿਸ ਦੀ ਚਰਚਾ ਉਹ ਉਨ੍ਹਾਂ ਨਾਲ ਕਰਨਾ ਚਾਹੁੰਦਾ ਹੈ। ਥੱਸਲੁਨੀਕੇ ਦੇ ਲੋਕ ਉਸ ਦੇ ਦਿਲ ਵਿੱਚ ਵੱਸੇ ਹੋਏ ਹਨ: ਉਹ ਕਹਿੰਦਾ ਹੈ, "ਅਸੀਂ ਤੁਹਾਡੇ ਲਈ . . . ਪਰਮੇਸ਼ੁਰ ਦਾ ਧੰਨਵਾਦ ਕਰਦੇ ਹਾਂ" (ਆਇਤ 3); "ਅਸੀਂ . . . ਤੁਹਾਡੇ ਉੱਤੇ ਅਭਮਾਨ ਕਰਦੇ ਹਾਂ" (ਆਇਤ 4) ਅਤੇ "ਅਸੀਂ ਤੁਹਾਡੇ ਲਈ ਪ੍ਰਾਰਥਨਾ ਕਰਦੇ ਹਾਂ" (ਆਇਤ 11)।

ਪੌਲੁਸ ਨੇ ਇਹ ਵਿਖਾਉਣ ਲਈ ਕਿ ਉਨ੍ਹਾਂ ਦੀ ਆਤਮਿਕ ਹਾਲਤ ਨੇ ਉਸ ਨੂੰ ਉਨ੍ਹਾਂ ਦੇ ਲਈ ਧੰਨਵਾਦ ਦੇਣ ਲਈ ਪ੍ਰੇਰਿਤ ਕੀਤਾ "ਸਾਨੂੰ ਤੁਹਾਡੇ ਲਈ ਸਦਾ ਪਰਮੇਸ਼ੁਰ ਦਾ ਧੰਨਵਾਦ ਕਰਨਾ ਚਾਹੀਦਾ ਹੈ" (ਆਇਤ 3) ਸ਼ਬਦਾਂ ਦੀ ਵਰਤੋਂ ਕੀਤੀ। ਇਸ ਤੋਂ ਇਲਾਵਾ ਉਸ ਨੇ ਕਿਹਾ ਹੈ ਕਿ ਉਹ ਉਨ੍ਹਾਂ ਦੇ ਲਈ "ਜਿਵੇਂ ਜੋਗ ਹੈ" ਧੰਨਵਾਦ ਦੇ ਰਿਹਾ ਸੀ। ਇਹ ਵਾਕ ਇਹ ਸੰਕੇਤ ਕਰਦਾ ਹੈ ਕਿ ਉਨ੍ਹਾਂ ਸੰਬੰਧੀ ਪੌਲੁਸ ਜੋ ਧੰਨਵਾਦ ਦੇ ਰਿਹਾ ਸੀ ਜੋਗ ਸੀ।

ਪੌਲੁਸ ਥੱਸਲੁਨੀਕੀਆਂ ਦੇ ਲਈ ਕਿਉਂ ਧੰਨਵਾਦੀ ਸੀ? ਉਸ ਨੇ ਉਨ੍ਹਾਂ ਵਿੱਚ ਉਨ੍ਹਾਂ ਗੁਣਾਂ ਨੂੰ ਵੇਖਿਆ ਜੋ ਸਾਨੂੰ ਆਪਣੇ ਆਪ ਵਿੱਚ ਵੇਖਣ ਦੀ ਲੋੜ ਹੈ।

*ਨਿਹਚਾ ਜਿਹੜੀ ਅੱਤ ਵਧਦੀ ਜਾਂਦੀ ਹੈ।* ਉਨ੍ਹਾਂ ਦੀ ਨਿਹਚਾ ਵੱਧ ਚੁੱਕੀ ਸੀ (ਆਇਤ 3)। ਹਾਲਾਂਕਿ ਉਹ ਸਤਾਓ ਨਾਲ ਘਿਰੇ ਹੋਏ ਸਨ, ਉਹ ਪਰਮੇਸ਼ੁਰ ਅਤੇ ਮਸੀਹ ਉੱਤੇ ਨਿਹਚਾ ਵਿੱਚ ਸਿਲਸਲੇਵਾਰ ਢੰਗ ਨਾਲ ਵਧਦੇ ਗਏ ਸਨ।

ਪਹਿਲਾਂ ਪੌਲੁਸ ਉਨ੍ਹਾਂ ਦੀ ਨਿਹਚਾ ਬਾਰੇ ਚਿੰਤਤ ਸੀ (1 ਥੱਸਲੁਨੀਕੀਆਂ 3:2, 5) ਅਤੇ ਉਸ ਨੇ ਪਹਿਲੀ ਪੱਤ੍ਰੀ ਉਸ ਨੂੰ ਸਿੱਧ ਕਰਨ ਵਿੱਚ ਸਹਾਇਤਾ ਕਰਨ ਵਾਸਤੇ ਲਿਖੀ ਸੀ ਜਿਸ ਦੀ ਉਨ੍ਹਾਂ ਦੀ ਨਿਹਚਾ ਵਿੱਚ ਕਮੀ ਸੀ (1 ਥੱਸਲੁਨੀਕੀਆਂ 3:10)। ਹੁਣ, ਥੋੜ੍ਹੇ ਸਮੇਂ ਬਾਅਦ, ਉਹ ਇਸ ਤੱਥ ਲਈ ਧੰਨਵਾਦ ਦੇਣ ਵਿੱਚ ਸਮਰੱਥ ਸੀ ਕਿ ਉਨ੍ਹਾਂ ਦੀ ਨਿਹਚਾ ਉਮੀਦ ਨਾਲੋਂ ਵੀ ਜ਼ਿਆਦਾ ਅੱਤ ਵਧਦੀ ਜਾ ਰਹੀ ਸੀ। "ਬਹੁਤ ਹੁੰਦਾ ਜਾਂਦਾ ਹੈ" ਕਿਰਿਆ ਇੱਕ ਸਟੀਕ ਸੰਯੁਕਤ ਕਿਰਿਆ ਹੈ ਜੋ ਨਵੇਂ ਨੇਮ ਵਿੱਚ ਸਿਰਫ ਇੱਥੇ ਮਿਲਦੀ ਹੈ ਅਤੇ ਜੈਵਿਕ ਵਾਧੇ ਵੱਲ ਇਸ਼ਾਰਾ ਕਰਦੀ ਹੈ ਜਿਵੇਂ ਕਿ ਇੱਕ ਸਿਹਤਮੰਦ ਪੌਦਾ ਵਧਦਾ ਜਾਂਦਾ ਹੈ।

*ਪ੍ਰੇਮ ਜਿਹੜਾ ਬਹੁਤਾ ਵੱਧ ਚੁੱਕਾ ਹੈ।* ਇੱਕ ਦੂਜੇ ਲਈ ਉਨ੍ਹਾਂ ਦਾ ਪ੍ਰੇਮ ਵੱਧ ਰਿਹਾ ਸੀ (ਆਇਤ 3)। ਪਹਿਲੀ ਪੱਤ੍ਰੀ ਵਿੱਚ ਉਸ ਨੇ ਉਨ੍ਹਾਂ ਨੂੰ ਇੱਕ ਦੂਏ ਨੂੰ ਪ੍ਰੇਮ ਕਰਨ ਦੇ ਲਈ ਆਖਿਆ ਸੀ ਅਤੇ ਇਸ ਪੱਤ੍ਰੀ ਵਿੱਚ ਉਹ ਉਨ੍ਹਾਂ ਦੇ ਵਾਧੇ ਜਾਂ ਉੱਨਤੀ ਦੇ ਲਈ ਉਨ੍ਹਾਂ ਦੀ ਸ਼ਲਾਘਾ ਕਰਦਾ ਹੈ।

ਪ੍ਰੇਮ ਵਿੱਚ ਉਨ੍ਹਾਂ ਦਾ ਵਧਣਾ ਉਸ ਦੀ ਪ੍ਰਾਰਥਨਾ ਦਾ ਉੱਤਰ ਵੀ ਸੀ (1 ਥੱਸਲੁਨੀਕੀਆਂ 3:12)। ਪ੍ਰੇਮ ਉਹ ਹੁੰਦਾ ਹੈ ਜਿਹੜਾ ਅਜੀਜ਼ਾਂ ਵਿੱਚ ਪਰਮੇਸ਼ੁਰ ਦੀ ਇੱਛਾ ਨੂੰ ਭਾਲਦਾ ਹੈ ਅਤੇ ਥੱਸਲੁਨੀਕੀਆਂ ਨੇ ਉਸ ਆਤਮਿਕ ਦੇਹ ਵਿੱਚ ਹਰੇਕ ਸੰਬੰਧੀ ਇਸੇ ਤਰ੍ਹਾਂ ਹੀ ਕੀਤਾ ਸੀ। "ਬਹੁਤਾ ਹੁੰਦਾ ਜਾਂਦਾ ਹੈ" ਦਾ ਆਇਤ ਦੇ ਪਹਿਲੇ ਹਿੱਸੇ ਵਿੱਚ "ਬਹੁਤਾ ਵਧਦਾ ਜਾਂਦਾ ਹੈ" ਨਾਲੋਂ ਇੱਕ ਵੱਖਰਾ ਭਾਵ ਅਰਥ ਹੈ। "ਬਹੁਤਾ ਹੁੰਦਾ ਜਾਂਦਾ ਹੈ" ਦਾ ਅਰਥ ਹੈ "ਬਹੁਤ ਜ਼ਿਆਦਾ ਫੈਲਣਾ" ਜਿਵੇਂ ਅੱਗ ਅਤੇ ਹੜ੍ਹ ਆਪਣੇ ਰਸਤੇ ਵਿੱਚ ਆਉਣ ਵਾਲੀ ਹਰੇਕ ਚੀਜ਼ ਨੂੰ ਢੱਕ ਲੈਂਦਾ

ਹੈ। ਉਨ੍ਹਾਂ ਦਾ ਪ੍ਰੇਮ ਉੱਛਲ ਰਿਹਾ ਸੀ ਅਤੇ ਉਸ ਨੇ ਸਾਰੇ ਭਾਈਆਂ ਨੂੰ ਢੱਕ ਲਿਆ ਸੀ।

*ਦ੍ਰਿੜ੍ਹਤਾ ਜਿਹੜੀ ਡਰ ਤੋਂ ਇਨਕਾਰ ਕਰਦੀ ਹੈ।* ਉਹ ਸਤਾਓ ਦੇ ਬਾਵਜੂਦ ਧੀਰਜ ਰੱਖ ਰਹੇ ਸਨ (ਆਇਤ 4)। ਉਨ੍ਹਾਂ ਦੇ ਸਤਾਵਾਂ ਨੇ ਉਨ੍ਹਾਂ ਨੂੰ ਡਿਗਾਇਆ ਨਹੀਂ ਸੀ। ਉਹ ਸਤਾਵਾਂ ਵਿੱਚ ਧੀਰਜ ਰੱਖ ਰਹੇ ਸਨ।

ਪੌਲੁਸ ਸਾਰੀਆਂ ਕਲੀਸੀਆਵਾਂ ਵਿੱਚ ਉਨ੍ਹਾਂ ਦੀਆਂ ਬਿਪਤਾਂ ਵਿੱਚ ਵੀ ਉਨ੍ਹਾਂ ਦੀ ਵਫ਼ਾਦਾਰੀ ਦੇ ਕਾਰਨ "ਅਭਮਾਨ ਕਰਨ" ਜਾਂ "ਘਮੰਡ ਕਰਨ" (NIV) ਵਿੱਚ ਸਮਰੱਥ ਸੀ। "ਅਭਮਾਨ" ਸ਼ਬਦ ਪ੍ਰਭਾਵਸ਼ਾਲੀ ਸੰਯੁਕਤ ਸ਼ਬਦ ਹੈ ਜੋ ਇਹ ਇਸ਼ਾਰਾ ਕਰਦਾ ਹੈ ਕਿ ਹਾਲਾਂਕਿ ਇਸ ਤਰ੍ਹਾਂ ਕਰਨਾ ਪੌਲੁਸ ਦਾ ਦਸਤੂਰ ਨਹੀਂ ਸੀ ਪਰ ਫਿਰ ਵੀ ਥੱਸਲੁਨੀਕੇ ਦੇ ਲੋਕਾਂ ਦੀ ਹਾਲਤ ਇੰਨੀ ਜ਼ਿਆਦਾ ਸਿਰਕੱਢਵੀਂ ਸੀ ਕਿ ਉਹ ਅਭਮਾਨ ਕਰਨ ਦੇ ਲਈ ਮਜ਼ਬੂਰ ਹੋ ਗਿਆ ਸੀ।

ਆਇਤ 4 ਵਿੱਚ "ਧੀਰਜ" ਸ਼ਬਦ ਯੂਨਾਨੀ ਸ਼ਬਦ ὑπομονή (*ਹਿਉਪੋਮੋਨ*) ਹੈ। ਇਹ ਸੰਯੁਕਤ ਸ਼ਬਦ ਰੂਪ ਹੈ ਜਿਹੜਾ ਪੂਰਵ-ਸਰਗ "ਹੇਠ" ਅਤੇ ਕਿਰਿਆ "ਰਹਿਣਾ" ਤੋਂ ਹੈ। ਜਥਾਰਥ ਰੂਪ ਵਿੱਚ, ਇਹ ਸ਼ਬਦ "ਵੱਡੇ ਭਾਰ ਹੇਠ ਹੋਣ ਅਤੇ ਵਫ਼ਾਦਾਰੀ ਨਾਲ ਇਸ ਦੇ ਹੇਠ ਧੀਰਜ ਕਰਨ" ਦਾ ਸੁਝਾਅ ਦਿੰਦਾ ਹੈ। ਇਹ ਸਾਡੇ ਮਨ ਵਿੱਚ ਛੋਟੇ ਗਧੇ ਦੀ ਤਸਵੀਰ ਨੂੰ ਲੈ ਕੇ ਆਉਂਦਾ ਹੈ ਜਿਸ ਦੇ ਉੱਤੇ ਬਹੁਤ ਸਾਰੇ ਬੋਰੇ ਲੱਦੇ ਹੁੰਦੇ ਹਨ ਪਰ ਉਹ ਬੋਰਿਆਂ ਦੇ ਭਾਰ ਥੱਲੇ ਵੀ ਮਜ਼ਬੂਤ ਖੜ੍ਹਾ ਰਹਿੰਦਾ ਹੈ।

ਜ਼ੁਲਮ ਅਤੇ ਬਿਪਤਾਂ ਵਿਚਕਾਰ ਕੀ ਫ਼ਰਕ ਹੈ? "ਜ਼ੁਲਮ" ਦੁੱਖ ਹਨ ਜੋ ਖਾਸ ਕਰਕੇ ਮਸੀਹ ਵਿੱਚ ਨਿਹਚਾ ਕਾਰਨ ਉਠਾਏ ਜਾਂਦੇ ਹਨ। ਉਹ ਮਸੀਹ ਲਈ ਸਾਡੇ ਜੀਉਣ ਦੇ ਕਾਰਨ ਸਰੀਰਕ ਅਤੇ ਮਾਨਸਿਕ ਦੁੱਖਾਂ ਦਾ ਨਿਰਮਾਣ ਕਰਦੇ ਹਨ। "ਬਿਪਤਾਂ" ਇੱਕ ਆਮ ਸ਼ਬਦ ਹੈ ਜੋ ਇਹੋ ਜਿਹੇ ਕਿਸੇ ਵੀ ਕਿਸਮ ਦੇ ਦੁੱਖਾਂ ਦੀ ਗੱਲ ਕਰਦੇ ਹਨ ਜੋ ਜੀਵਨ ਵਿੱਚ ਦਬਾਅ ਜਾਂ ਦੁੱਖ ਨੂੰ ਵਧਾਉਂਦੇ ਹਨ।

ਥੱਸਲੁਨੀਕੇ ਦੀ ਕਲੀਸੀਆ, ਇੱਕ ਗੁਣਕਾਰੀ ਫਲ ਦੇ ਵਾਂਗ, ਜ਼ੁਲਮਾਂ ਅਤੇ ਬਿਪਤਾਂ ਵਿੱਚ ਫਸੀ ਸੀ। ਉਨ੍ਹਾਂ ਨੇ ਨਿਹਚਾ ਦਾ ਫਲ ਪੈਦਾ ਕੀਤਾ ਅਤੇ ਪ੍ਰੇਮ ਦੀ ਸੁਗੰਧ ਸਨ। ਆਪਣੀ ਪੱਤ੍ਰੀ ਵਿੱਚ, ਪੌਲੁਸ ਨੇ ਉੱਨਾ ਜ਼ਿਆਦਾ ਦੁਖਾਂਤ ਤੇ ਧਿਆਨ ਕੇਂਦਰਿਤ ਨਹੀਂ ਕੀਤਾ ਜਿੰਨਾ ਕਿ ਨਿਹਚਾ, ਪ੍ਰੇਮ ਅਤੇ ਧੀਰਜ ਅਤੇ ਦਬਾਅ ਦੇ ਉਪ-ਫਲਾਂ ਤੇ।

ਜੇਕਰ ਤੁਸੀਂ ਇਹ ਕਲੀਸੀਆ ਸਥਾਪਤ ਕੀਤੀ ਹੁੰਦੀ ਹੈ, ਤੁਸੀਂ ਉਨ੍ਹਾਂ ਦੀ ਆਤਮਿਕ ਉੱਨਤੀ ਬਾਰੇ ਚਿੰਤਤ ਹੋਣਾ ਸੀ। ਇਹ ਖ਼ਬਰ ਕਿ ਉਹ ਨਿਹਚਾ ਵਿੱਚ ਵਧ ਰਹੇ ਸਨ, ਇੱਕ ਦੂਜੇ ਲਈ ਪ੍ਰੇਮ ਵਿੱਚ ਵਧ ਰਹੇ ਸਨ ਅਤੇ ਸਤਾਵਾਂ ਵਿੱਚ ਧੀਰਜ ਰੱਖ ਰਹੇ ਸਨ ਤਾਂ ਤੁਹਾਡੇ ਲਈ ਬਹੁਤ ਵੱਡੀ ਹੱਲਾਸ਼ੇਰੀ ਵਾਲੀ ਗੱਲ ਹੋਣੀ ਸੀ। ਆਓ ਅਸੀਂ ਉਨ੍ਹਾਂ ਵਫ਼ਾਦਾਰ ਮਸੀਹੀ ਲੋਕਾਂ ਨੂੰ ਉਤਸ਼ਾਹਿਤ ਕਰੀਏ ਜਿਨ੍ਹਾਂ ਨੂੰ ਅਸੀਂ ਜਾਣਦੇ ਹਾਂ ਕਿ ਉਹ ਇਹੋ ਜਿਹੇ ਹਨ। ਇਸ ਤੋਂ ਇਲਾਵਾ, ਆਓ ਅਸੀਂ ਨਿਸ਼ਚਤ ਕਰੀਏ ਕਿ ਸਾਡੇ ਜੀਵਨਾਂ ਵਿੱਚ ਵੀ ਇਹੋ ਜਿਹੇ ਗੁਣ ਹੋਣੇ ਚਾਹੀਦੇ ਹਨ। EC

### ਧੀਰਜ: ਪਰਮੇਸ਼ੁਰ ਦੇ ਸੱਚੇ ਨਿਆਂ ਦਾ ਚਿੰਨ੍ਹ (1:4, 5)

ਅਧਿਆਇ 1 ਵਿੱਚ ਅਹਿਮ ਵਿਸ਼ਾ ਨਿਆਂ ਹੈ। 4 ਅਤੇ 5 ਆਇਤਾਂ ਵਿੱਚ, ਪੌਲੁਸ ਨੇ ਲਿਖਿਆ ਕਿ ਸਤਾਓ ਝੱਲਣਾ "ਪਰਮੇਸ਼ੁਰ ਦੇ ਸੱਚੇ ਨਿਆਂ ਦਾ ਸਪੱਸ਼ਟ ਸੰਕੇਤ" ਹੈ। ਇਹ ਧਾਰਣਾ ਸਾਨੂੰ ਉਲਝਣ ਵਿੱਚ ਪਾ ਸਕਦੀ ਹੈ। ਹੋ ਸਕਦਾ ਹੈ ਕਿ ਅਸੀਂ ਕਹੀਏ, "ਠਹਿਰੋ, ਕੀ ਪੌਲੁਸ

ਪਿਛਾਂਹ ਨੂੰ ਨਹੀਂ ਗਿਆ? ਕੀ ਇਹ ਸਾਰੇ ਪਰਤਾਵੇ ਇਹ ਨਹੀਂ ਵਿਖਾਉਂਦੇ ਕਿ ਪਰਮੇਸ਼ੁਰ ਸਾਨੂੰ ਭੁੱਲ ਚੁੱਕਾ ਹੈ?" ਬੇਸ਼ੱਕ, ਇਸ ਦਾ ਜਵਾਬ ਹੈ "ਨਹੀਂ!"

ਪੌਲੁਸ ਨੇ ਉਹੋ ਦਲੀਲ ਦਿੱਤੀ ਜਿਵੇਂ ਮਸੀਹ ਨੇ ਉਸ ਤੋਂ ਪਹਿਲਾਂ ਦਿੱਤੀ ਸੀ। ਮਸੀਹ ਦੇ ਕਾਰਣ ਸਤਾਵ ਪਰਮੇਸ਼ੁਰ ਦੁਆਰਾ ਮੁਬਾਰਕ ਹੋਣ ਦੇ ਚਿੰਨ੍ਹ ਹਨ। ਇਹ ਕਹਿਣ ਦਾ ਇਹ ਅਰਥ ਨਹੀਂ ਹੈ ਕਿ ਸਾਰੇ ਪਰਤਾਵੇ ਬਰਕਤਾਂ ਹੁੰਦੀਆਂ ਹਨ। ਬਲਕਿ ਇਹ ਮਸੀਹ ਦੀ ਖ਼ਾਤਰ ਦੁੱਖ ਹੈ ਜੋ ਪੌਲੁਸ ਅਤੇ ਯਿਸੂ ਦੇ ਮਨ ਵਿੱਚ ਸੀ। ਉਹ ਉਦੋਂ ਹੀ ਸਾਡੇ ਲਈ ਬਰਕਤਾਂ ਹੁੰਦੇ ਹਨ ਜਦੋਂ ਅਸੀਂ ਉਨ੍ਹਾਂ ਨੂੰ ਝੱਲਦੇ ਹਾਂ। ਜਦੋਂ ਅਸੀਂ ਦੁੱਖਾਂ ਨੂੰ ਝੱਲਦੇ ਹਾਂ, ਅਸੀਂ "ਪਰਮੇਸ਼ੁਰ ਦੇ ਰਾਜ ਦੇ ਜੋਗ" ਗਿਣੇ ਜਾਵਾਂਗੇ (ਆਇਤ 5), ਜਾਂ ਜਿਵੇਂ ਯਿਸੂ ਨੇ ਕਿਹਾ ਹੈ, "ਤੁਹਾਡਾ ਫਲ ਸੁਰਗ ਵਿੱਚ ਬਹੁਤ ਹੈ" (ਮੱਤੀ 5:12)।

ਇਹ ਧਾਰਣਾਵਾਂ ਇੱਥੇ-ਅਤੇ-ਹੁਣੇ ਦੀ ਉਦੋਂ-ਅਤੇ-ਉੱਥੇ ਨਾਲ ਤੁਲਨਾ ਕਰਦੀਆਂ ਹਨ। ਇੱਥੇ-ਅਤੇ-ਹੁਣੇ ਅਨੁਸਾਰ, ਯਿਸੂ ਨੇ ਕਿਹਾ, "ਅਤੇ ਦੋਸ਼ੀ ਠਹਿਰਨ ਦਾ ਇਹ ਕਾਰਨ ਹੈ ਕਿ ਚਾਨਣ ਜਗਤ ਵਿੱਚ ਆਇਆ ਅਤੇ ਮਨੁੱਖਾਂ ਨੇ ਏਸ ਲਈ ਭਈ ਉਨ੍ਹਾਂ ਦੇ ਕੰਮ ਭੈੜੇ ਸਨ ਅਨ੍ਹੇਰੇ ਨੂੰ ਚਾਨਣ ਨਾਲੋਂ ਵਧੀਕ ਪਿਆਰ ਕੀਤਾ" (ਯੂਹੰਨਾ 3:19)। ਇਸ ਸੰਸਾਰ ਵਿੱਚ, ਮਸੀਹ ਨੂੰ ਵੈਰ ਦਾ ਸਾਹਮਣਾ ਕਰਨਾ ਪਿਆ ਅਤੇ ਮਸੀਹੀ ਲੋਕ ਵੀ ਵੈਰ ਦਾ ਸਾਹਮਣਾ ਕਰਨਗੇ। ਮਸੀਹੀ ਲੋਕਾਂ ਨੇ ਇਮਾਨਦਾਰ ਬਣਨਾ ਹੈ, ਦੂਜੇ ਲੋਕਾਂ ਦੀ ਗਰੀਬੀ ਦਾ ਆਦਰ ਕਰਨਾ ਹੈ, ਯੌਨ ਸੰਬੰਧੀ ਗੱਲਾਂ ਵਿੱਚ ਸ਼ੁੱਧ ਰਹਿਣਾ ਹੈ ਅਤੇ ਪਵਿੱਤਰ ਬੋਲੀ ਨੂੰ ਕਾਇਮ ਰੱਖਣਾ ਹੈ, ਅਸ਼ਲੀਲ ਮਜ਼ਾਕ ਜਾਂ ਗੱਲਬਾਤ ਨਹੀਂ ਕਰਨੀ ਹੈ। ਮਸੀਹੀ ਹੋਣ ਦੇ ਨਾਤੇ, ਅਸੀਂ ਸਮਾਜ ਦੇ ਤੁਖਮ ਦੇ ਵਿਰੁੱਧ ਜੀਉਣਾ ਹੈ ਅਤੇ ਇਸ ਦੇ ਕਾਰਨ, ਸਾਡੇ ਜੀਵਨ ਉਦੋਂ-ਅਤੇ-ਉੱਥੇ ਦੇ ਲਈ ਸਾਖੀ ਹੋਣਗੇ।

ਉਦੋਂ-ਅਤੇ-ਉੱਥੇ ਜਾਂ ਸਵਰਗ ਹੀ ਹੈ ਜਿਸ ਨੂੰ ਅਸੀਂ ਲੋਚਦੇ ਹਾਂ। ਨਿਹਚਾ ਨਾਲ, ਅਸੀਂ ਜਾਣਦੇ ਹਾਂ ਕਿ ਚੀਜ਼ਾਂ ਬਦਲਣਗੀਆਂ ਅਤੇ ਇਹ ਕਿ ਸਵਰਗ ਵਿੱਚ ਸਾਨੂੰ ਕਿਸੇ ਵੀ ਕਿਸਮ ਦੇ ਵੈਰ ਦਾ ਸਾਹਮਣਾ ਨਹੀਂ ਕਰਨਾ ਪਵੇਗਾ। ਅਸੀਂ ਪ੍ਰਵਾਨਗੀ ਦਾ ਅਨੰਦ ਮਾਣਾਂਗੇ ਅਤੇ *ਆਪਣੀ* ਦੁਨੀਆ ਵਿੱਚ ਰਹਾਂਗੇ। ਅਸੀਂ "ਪਰਮੇਸ਼ੁਰ ਦੇ ਰਾਜ ਦੇ ਜੋਗ ਗਿਣੇ ਜਾਵਾਂਗੇ।"

ਕਿਉਂਕਿ ਅਸੀਂ ਜਾਣਦੇ ਹਾਂ ਕਿ ਸਾਨੂੰ ਮਸੀਹ ਵਿੱਚ ਆਸ ਹੈ, ਜਦੋਂ ਅਸੀਂ ਉਸ ਦੇ ਲਈ ਦੁੱਖ ਭੋਗਦੇ ਹਾਂ, ਅਸੀਂ ਆਪਣੀਆਂ ਭੂਮਿਕਾਵਾਂ ਦੇ ਉਲਟੀ ਦਿਸ਼ਾਂ ਵਿੱਚ ਚੱਲਣ ਦੀ ਉਡੀਕ ਕਰਦੇ ਹਾਂ (ਆਇਤਾਂ 6, 7; ਵੇਖੋ ਲੂਕਾ 16:25)। ਜਿਹੜੇ ਸਤਾਉਣ ਵਾਲੇ ਹਨ, ਜਦੋਂ ਤੱਕ ਉਹ ਤੌਬਾ ਨਹੀਂ ਕਰਦੇ, ਸਜ਼ਾ ਭੋਗਣਗੇ। ਜਿਹੜੇ ਮਸੀਹ ਦੇ ਲਈ ਦੁੱਖ ਭੋਗਦੇ ਹਨ ਫਲ ਪ੍ਰਾਪਤ ਕਰਨਗੇ। ਉਨ੍ਹਾਂ ਨੂੰ ਸਵਰਗ ਵਿੱਚ ਤਸੱਲੀ ਮਿਲੇਗੀ। EE

### ਪਰਮੇਸ਼ੁਰ ਦੇ ਵਿਚਾਰ ਦੇ ਅਨੁਸਾਰ (1:5, 6)

ਇੱਕ ਚਰਚ ਦੀ ਇਮਾਰਤ ਦੇ ਸਾਇਨਬੋਰਡ ਤੇ ਲਿਖਿਆ ਹੋਇਆ ਸੀ, "ਪਰਮੇਸ਼ੁਰ ਦੇ ਦ੍ਰਿਸ਼ਟੀਕੋਣ ਦੇ ਅਨੁਸਾਰ ਸਿੱਖਿਆ।" ਇੱਥੇ ਪੌਲੁਸ ਨੇ ਉਸ ਅੱਤਿਆਚਾਰ ਦੇ ਸੰਬੰਧ ਦੇ ਵਿੱਚ ਲਿਖਿਆ ਜੋ ਉਹ ਸਹਿ ਰਹੇ ਸਨ। ਤੁਸੀਂ ਕਹਿ ਸਕਦੇ ਹੋ ਕਿ ਉਸ ਨੇ ਥੱਸਲੁਨੀਕੀਆਂ ਨੂੰ ਇਨ੍ਹਾਂ ਅੱਤਿਆਚਾਰਾਂ ਨੂੰ "ਪਰਮੇਸ਼ੁਰ ਦੇ ਦ੍ਰਿਸ਼ਟੀਕੋਣ ਦੇ ਅਨੁਸਾਰ ਵੇਖਣ ਦੀ ਇਜ਼ਾਜ਼ਤ ਦਿੱਤੀ ਸੀ।"

ਉਹ ਇਸ ਦੇ ਵਿਸ਼ੇ ਵਿੱਚ ਕੀ ਕਹਿੰਦਾ ਹੈ? ਜਦੋਂ ਅਸੀਂ ਅੱਤਿਆਚਾਰ ਦੇ ਵਿਸ਼ੇ ਵਿੱਚ ਪਰਮੇਸ਼ੁਰ ਦੇ ਨਜ਼ਰੀਏ ਨੂੰ ਵੇਖਦੇ ਹਾਂ ਤਾਂ ਅਸੀਂ ਉਸ ਨਜ਼ਰੀਏ ਨੂੰ ਵੇਖ ਸਕਦੇ ਹਾਂ ਜੋ ਸਾਨੂੰ ਜ਼ਰੂਰ ਅਪਣਾਉਣਾ ਚਾਹੀਦਾ ਹੈ।

*ਪਰਮੇਸ਼ੁਰ ਅੱਤਿਆਚਾਰ ਦੀ ਇਜਾਜ਼ਤ ਦਿੰਦਾ ਹੈ।* ਪੌਲੁਸ ਕਹਿੰਦਾ ਹੈ, "ਅੱਤਿਆਚਾਰ ਪਰਮੇਸ਼ੁਰ ਦਾ ਧਾਰਮਿਕ ਨਿਆਂ ਹੈ।" ਪਰਖਾਂ ਦਾ ਸਾਹਮਣਾ ਕੀਤੇ ਬਿਨਾਂ ਮਸੀਹੀ ਲੋਕ ਦੁਸ਼ਟ ਦੀਆਂ ਤਾਕਤਾਂ ਦੇ ਵਿਰੁੱਧ ਮਹਾਨ ਯੁੱਧ ਕਿਵੇਂ ਲੜ ਸਕਦੇ ਹਨ? ਮਸੀਹੀ ਧਰਮ ਦੇ ਸਰੂਪ ਨੂੰ ਵੇਖਦੇ ਹੋਏ, ਅੱਤਿਆਚਾਰ ਲਗਭਗ ਨਿਰਮਾਣ ਕੀਤੇ ਜਾਣ ਦਾ ਇੱਕ ਤਜਰਬਾ ਹੈ।

*ਅੱਤਿਆਚਾਰ ਚਰਿੱਤਰ ਨਿਰਮਾਣ ਦਾ ਇੱਕ ਸਾਧਨ ਹੈ।* ਇੱਕ ਮਾਇਨੇ ਦੇ ਵਿੱਚ, ਸਾਡਾ ਅੱਤਿਆਚਾਰਾਂ ਦੇ ਵਿੱਚ ਜੀਵਨ ਗੁਜ਼ਾਰਨਾ ਸਾਨੂੰ ਪਰਮੇਸ਼ੁਰ ਦੇ ਰਾਜ ਦੇ ਯੋਗ ਬਣਾਉਂਦਾ ਹੈ। ਸੰਘਰਸ਼ ਸਾਡੇ ਇਰਾਦੇ ਨੂੰ ਦ੍ਰਿੜ ਬਣਾਉਂਦਾ ਹੈ ਅਤੇ ਇਰਾਦੇ ਦੀ ਦ੍ਰਿੜਤਾ ਦਾ ਪਰਿਣਾਮ ਚਰਿੱਤਰ ਵਿਕਾਸ ਹੈ। ਪੌਲੁਸ ਦਾ ਬਿਆਨ ਸੂਚਿਤ ਕਰਦਾ ਹੈ ਕਿ ਦੁੱਖ ਦੇ ਵਿੱਚੋਂ ਦੀ ਗੁਜ਼ਰਨਾ ਸਿੱਧਤਾ ਨੂੰ ਵਿਕਸਿਤ ਕਰਦਾ ਹੈ।

ਸਾਡੇ ਦ੍ਰਿਸ਼ਟੀਕੋਣ ਤੋਂ, ਕਿਸੇ ਵੀ ਕੀਮਤ ਤੇ ਦੁੱਖ ਤੋਂ ਬਚਣਾ ਚਾਹੀਦਾ ਹੈ। ਪਰ, ਨਵੇਂ ਨੇਮ ਦੇ ਨਜ਼ਰੀਏ ਤੋਂ, ਇਹ ਮਸੀਹ ਦੇ ਪਿੱਛੇ ਚੱਲਣ ਲਈ ਚਰਿੱਤਰ ਨਿਰਮਾਣ ਦੀ ਕੀਮਤ ਹੈ। ਜਦੋਂ ਅਸੀਂ ਧਾਰਮਿਕਤਾ ਦੇ ਕਾਰਣ ਦੁੱਖ ਝੱਲਦੇ ਹਾਂ, ਤਾਂ ਅਸੀਂ ਯਿਸੂ ਦੀ ਨਕਲ ਕਰਦੇ ਹਾਂ। ਜੋਰਜ ਮੈਕਡਾਨਲਡ (1824–1905) ਨੇ ਇੱਕ ਵਾਰ ਯਿਸੂ ਦੇ ਦੁੱਖਾਂ ਦੇ ਵਿਸ਼ੇ ਵਿੱਚ ਕਿਹਾ, "ਉਹ ਆਪਣੇ ਭਰਾਵਾਂ ਦੇ ਵਿਚਕਾਰ ਉਹ ਸੀ ਜੋ ਉਸ ਦੇ ਭਾਈਆਂ ਨੂੰ ਹੋਣਾ ਪਵੇਗਾ।"[13]

*ਜਦੋਂ ਅੱਤਿਆਚਾਰ ਦੀ ਗੱਲ ਆਉਂਦੀ ਹੈ ਤਾਂ ਪਰਮੇਸ਼ੁਰ ਦਾ ਆਖਰੀ ਸ਼ਬਦ ਹੋਵੇਗਾ।* ਤੁਸੀਂ ਇਸ ਗੱਲ ਦੇ ਲਈ ਨਿਸ਼ਚਤ ਹੋ ਸਕਦੇ ਹੋ ਕਿ ਪਰਮੇਸ਼ੁਰ ਉਨ੍ਹਾਂ ਲੋਕਾਂ ਨੂੰ ਸਜ਼ਾ ਜ਼ਰੂਰ ਦੇਵੇਗਾ ਜੋ ਉਸਦੇ ਲੋਕਾਂ ਤੇ ਅੱਤਿਆਚਾਰ ਕਰਦੇ ਹਨ। ਪਰਮੇਸ਼ੁਰ ਕਦੀ ਵੀ ਸੰਸਾਰ ਉੱਤੇ ਆਪਣੇ ਨਿਯੰਤਰਣ ਨੂੰ ਨਹੀਂ ਗੁਆਵੇਗਾ। ਆਖਿਰਕਾਰ ਧਾਰਮਿਕਤਾ ਦੀ ਜਿੱਤ ਹੋਵੇਗੀ।

ਅੱਤਿਆਚਾਰ ਲਗਭਗ ਜੀਵਨ ਦੀ ਇੱਕ ਸੱਚਾਈ ਹੈ। ਇਸ ਲਈ, ਸਾਨੂੰ ਇਸ ਨੂੰ ਕਿਵੇਂ ਦੇਖਣਾ ਚਾਹੀਦਾ ਹੈ? ਅਸੀਂ ਹਲਕੇ ਭਾਰ ਜਾਂ ਮਜ਼ਬੂਤ ਕਮਰਾਂ ਨੂੰ ਮੰਗਦੇ ਹਾਂ? ਕੀ ਅਸੀਂ ਉਸ ਦੇ ਸਾਹਮਣੇ ਕ੍ਰੋਧ ਜਾਂ ਅਨੰਦ ਦੇ ਨਾਲ ਆਉਂਦੇ ਹਾਂ? ਜੇਕਰ ਅਸੀਂ ਅੱਤਿਆਚਾਰ ਦੇ ਵਿਸ਼ੇ ਵਿੱਚ ਪਰਮੇਸ਼ੁਰ ਦੇ ਨਜ਼ਰੀਏ ਨੂੰ ਅਪਨਾਉਂਦੇ ਹਾਂ, ਤਾਂ ਅਸੀਂ ਇੱਕ ਅਜਿਹੇ ਹਾਲਾਤ ਦੇ ਨਜ਼ਰੀਏ ਨਾਲ ਵੇਖਣ ਦੇ ਯੋਗ ਹੋ ਜਾਵਾਂਗੇ ਜੋ ਸਾਨੂੰ ਮਜ਼ਬੂਤ ਵਿਸ਼ਵਾਸ ਦਿੰਦਾ ਹੈ। EC

**ਉਸ ਦੇ ਆਉਣ ਦਾ ਅਰਥ (1:5-10)**

ਉਸ ਦੀ ਆਮਦ ਅਤੇ ਅੱਤਿਆਚਾਰ ਦੇ ਇਸ ਸਿਧਾਂਤ ਦੇ ਦੁਆਰਾ ਪੌਲੁਸ ਮਸੀਹ ਦੇ ਆਉਣ ਦੀ ਚਰਚਾ ਵੱਲ ਮੁੜਿਆ। ਯਿਸੂ ਦੇ ਆਉਣ ਦਾ ਸਮਾਂ ਉਹ ਸਮਾਂ ਹੋਵੇਗਾ ਜਦੋਂ ਆਖਿਰਕਾਰ ਪਰਮੇਸ਼ੁਰ ਉਨ੍ਹਾਂ ਲੋਕਾਂ ਦੇ ਨਾਲ ਨਜਿੱਠੇਗਾ ਜੋ ਉਸ ਦੇ ਲੋਕਾਂ ਦਾ ਵਿਰੋਧ ਕਰਦੇ ਹਨ।

ਨਵੇਂ ਨੇਮ ਵਿੱਚ ਮਸੀਹ ਦੀ ਦੂਸਰੀ ਆਮਦ ਨੂੰ ਤਿੰਨ ਵੱਖ ਵੱਖ ਨਾਵਾਂ ਦੇ ਨਾਲ ਸੰਬੋਧਤ ਕੀਤਾ ਜਾ ਰਿਹਾ ਹੈ ਜਿਨ੍ਹਾਂ ਦਾ ਸ਼ਬਦ "ਅਪੋਕੇਲਿਪਸ" (ἀποκάλυψις, *ਅਪੋਕਾਲੂਪਸਿਸ*), "ਪਾਰਾਊਸੀਆ" (παρουσία, *ਪਾਰਾਉਸੀਆ*) ਅਤੇ "ਇਪੀਫੈਨੀ" (ἐπιφάνεια, *ਇਪੀਫੈਨੇਈਆ*) ਦੇ ਵਿੱਚ ਅੰਗ੍ਰੇਜ਼ੀਕਰਣ ਕੀਤਾ ਗਿਆ ਹੈ। "ਅਪੋਕੇਲਿਪਸ" ਦਾ ਅਰਥ ਹੈ ਜੋ ਗੁਪਤ ਹੈ ਉਸ ਨੂੰ ਬੇਪਰਦਾ ਕਰਨਾ ਜਾਂ ਉਸ ਨੂੰ ਪਰਗਟ ਕਰਨਾ (1:7), "ਪਾਰਾਊਸੀਆ" ਦਾ ਅਰਥ ਹੈ "ਇੱਕ ਮੌਜੂਦਗੀ ਵਿੱਚ ਆਉਣਾ" (1 ਥੱਸਲੁਨੀਕੀਆਂ 2:19) ਅਤੇ "ਇਪੀਫੈਨੀ" ਦਾ ਅਰਥ ਹੈ "ਇੱਕ ਪਰਗਟੀਕਰਣ" (2 ਥੱਸਲੁਨੀਕੀਆਂ 2:8)।

ਆਓ ਅਸੀਂ ਯਿਸੂ ਦੇ ਆਉਣ ਦੇ ਵਿਸ਼ੇ ਵਿੱਚ ਹੋਰ ਅੱਗੇ ਨਜ਼ਰ ਮਾਰੀਏ। ਯਿਸੂ ਦੀ ਆਮਦ ਕੀ ਲੈ ਕੇ ਆਵੇਗੀ?

*ਇੱਕ ਰਾਹਤ ਦਾ ਸਮਾਂ।* ਯਿਸੂ ਦੀ ਆਮਦ ਉਨ੍ਹਾਂ ਲੋਕਾਂ ਦੇ ਲਈ ਰਾਹਤ ਲੈ ਕੇ ਆਵੇਗਾ ਜੋ ਅੱਤਿਆਚਾਰ ਸਹਿ ਰਹੇ ਹਨ। ਉਸ ਦੇ ਆਉਣ ਦੇ ਸਮੇਂ, ਸਾਰੇ ਦੁੱਖ ਭੂਤ ਕਾਲ ਦੀ ਗੱਲ ਹੋ ਜਾਣਗੇ ਅਤੇ ਮਸੀਹ ਦੇ ਨਾਲ ਇੱਕ ਸ਼ਾਨਦਾਰ ਮਿਲਾਪ ਹੋਵੇਗਾ।

"ਰਾਹਤ" ਦੇ ਲਈ ਯੂਨਾਨੀ ਸ਼ਬਦ ἄνεσις (*ਐਨੇਸਿਸ*) ਹੈ ਅਤੇ ਇਸ ਦਾ ਅਰਥ ਹੈ "ਤਨਾਅ ਤੋਂ ਰਾਹਤ" ਜਾਂ "ਦਬਾਅ ਨੂੰ ਘੱਟ ਕਰਨਾ ਅੱਤਿਆਚਾਰ" ਜਿਵੇਂ ਕੋਈ ਇੱਕ ਤਾਣੇ ਹੋਏ ਧਨੁੱਖ ਦੀ ਰੱਸੀ ਨੂੰ ਢਿੱਲਾ ਕਰ ਦੇਵੇ (ਵੇਖੋ 2 ਕੁਰਿੰਥੀਆਂ 2:13; 7:5; 8:13)।

*ਬਦਲਾ ਲੈਣ ਦਾ ਇੱਕ ਸਮਾਂ।* ਮਸੀਹ ਦਾ ਆਉਣਾ ਉਨ੍ਹਾਂ ਲੋਕਾਂ ਦੇ ਲਈ ਬਦਲੇ ਨੂੰ ਲੈ ਕੇ ਆਵੇਗਾ ਜਿਨ੍ਹਾਂ ਨੇ ਪ੍ਰਭੂ ਨੂੰ ਰੱਦ ਕਰ ਦਿੱਤਾ ਹੈ। ਉਹ ਉਸ ਦੀ ਅਤੇ ਉਸ ਦੇ ਚੇਲਿਆਂ ਦੀ ਤੋਂ ਮੌਜੂਦਗੀ ਵਿੱਚੋਂ ਕੱਢ ਦਿੱਤੇ ਜਾਣਗੇ। ਇਹ ਪ੍ਰਭੂ ਦੇ ਬਦਲਾ ਲੈਣ ਦਾ ਸਮਾਂ ਹੋਵੇਗਾ।

ਉਸ ਦੇ ਆਉਣ ਦੇ ਸਮੇਂ ਤੇ, ਸੰਸਾਰ ਨੂੰ ਦੋ ਹਿੱਸਿਆਂ ਵਿੱਚ ਵੰਡਿਆ ਜਾਵੇਗਾ: ਉਹ ਜੋ ਉਸ ਦੇ ਆਉਣ ਤੇ ਤਸੱਲੀ ਪਾਉਣਗੇ ਅਤੇ ਉਹ ਜੋ ਉਸ ਦੇ ਆਉਣ ਦੇ ਦੁਆਰਾ ਨਾਸ ਕੀਤੇ ਜਾਣਗੇ। ਯਿਸੂ ਨੇ ਕਿਹਾ ਕਿ ਸਾਰੇ ਰਾਸ਼ਟਰ ਉਸ ਦੇ ਸਾਹਮਣੇ ਖੜੇ ਕੀਤੇ ਜਾਣਗੇ ਅਤੇ ਉਨ੍ਹਾਂ ਨੂੰ ਗੁਆਚਿਆਂ ਹੋਇਆਂ ਅਤੇ ਬਚਾਇਆਂ ਹੋਇਆਂ ਦੇ ਰੂਪ ਵਿੱਚ ਵੰਡ ਦਿੱਤਾ ਜਾਵੇਗਾ (ਮੱਤੀ 25:31–46)। EC

### ਸੱਚੇ ਨਿਆਂ ਦੀ ਜਿੱਤ ਹੋਵੇਗੀ (1:6, 7)

ਜਦੋਂ ਮਸੀਹ ਵਾਪਸ ਆਵੇਗਾ, ਪਰਮੇਸ਼ੁਰ ਇੱਕ ਮਹਾਨ ਪਰਿਵਰਤਨ ਦਾ ਕਾਰਣ ਬਣੇਗਾ। ਉਹ "ਜਿਹੜੇ ਤੁਹਾਨੂੰ ਦੁਖ ਦਿੰਦੇ ਹਨ . . . ਅਤੇ . . . ਤੁਹਾਨੂੰ [ਜਿਹੜੇ] ਦੁਖ ਪਾਉਂਦੇ ਹੋ . . . ਸੁਖ ਦੇਵੇ" (ਆਇਤਾਂ 6, 7)। ਇਹ ਕਿਹੋ ਜਿਹਾ ਸਮਾਂ ਹੋਵੇਗਾ?

*ਉੱਥੇ ਇੱਕ ਪ੍ਰਕਾਸ਼ਨ ਹੋਵੇਗਾ।* ਉਹ ਸਭ ਜੋ ਹੁਣ ਛੁਪਿਆ ਹੋਇਆ ਹੈ ਫਿਰ ਪਰਗਟ ਕੀਤਾ ਜਾਵੇਗਾ। ਹੁਣ ਅਸੀਂ ਯਿਸੂ ਨੂੰ ਨਹੀਂ ਵੇਖ ਸਕਦੇ ਹਾਂ, ਪਰ ਫਿਰ ਅਸੀਂ ਉਸ ਨੂੰ ਵੇਖਾਂਗੇ।

*ਯਿਸੂ ਸਵਰਗ ਤੋਂ ਪਰਗਟ ਹੋਵੇਗਾ* (ਆਇਤ 7)। ਜਦੋਂ ਯਿਸੂ ਸਵਰਗ ਉੱਤੇ ਚੜ੍ਹਿਆ, ਤਾਂ ਚੇਲੇ ਹੈਰਾਨ ਹੋ ਕੇ ਉੱਥੇ ਖੜੇ ਸਨ। ਸਵਰਗਦੂਤਾਂ ਨੇ ਕਿਹਾ, "ਹੇ ਗਲੀਲੀ ਪੁਰਖੋ, ਤੁਸੀਂ ਕਿਉਂ ਖੜੇ ਅਕਾਸ਼ ਦੀ ਵੱਲ ਵੇਖਦੇ ਹੋ? ਇਹ ਯਿਸੂ ਜਿਹੜਾ ਤੁਹਾਡੇ ਕੋਲੋਂ ਅਕਾਸ਼ ਉੱਪਰ ਉਠਾ ਲਿਆ ਗਿਆ ਓਸੇ ਤਰ੍ਹਾਂ ਆਵੇਗਾ ਜਿਸ ਤਰ੍ਹਾਂ ਤੁਸਾਂ ਉਸ ਨੂੰ ਅਕਾਸ਼ ਉੱਤੇ ਜਾਂਦੇ ਵੇਖਿਆ" (ਰਸੂਲਾਂ ਦੇ ਕਰਤੱਬ 1:11)। 1 ਥੱਸਲੁਨੀਕੀਆਂ 1:10, ਪੌਲੁਸ ਨੇ ਕਲੀਸਿਆ ਨੂੰ ਕਿਹਾ "ਉਹ ਦੇ ਪੁੱਤ੍ਰ ਦੇ ਸੁਰਗੋਂ ਆਉਣ ਦੀ ਉਡੀਕ ਕਰੋ।" ਜਦੋਂ ਮਸੀਹ ਆਵੇਗਾ, ਅਸੀਂ ਉਸ ਨੂੰ ਸਵਰਗ ਤੋਂ ਆਉਂਦਾ ਹੋਇਆ ਵੇਖਾਂਗੇ।

*ਯਿਸੂ "ਆਪਣੇ ਬਲਵੰਤ ਦੂਤਾਂ ਸਣੇ"* (ਆਇਤ 7)। ਸਵਰਗਦੂਤ "ਸੰਤ" ਹਨ (1 ਥੱਸਲੁਨੀਕੀਆਂ 3:13; ਵੇਖੋ ਮਰਕੁਸ 8:38)। ਪੌਲੁਸ ਨੇ ਇਨ੍ਹਾਂ ਸਵਰਗਦੂਤਾਂ ਦੀ ਵਿਆਖਿਆ "ਬਲਵੰਤ" ਦੇ ਰੂਪ ਵਿੱਚ ਕੀਤੀ ਸੀ। ਜ਼ਾਹਿਰ ਤੌਰ ਤੇ ਮਸੀਹ ਕਪਤਾਨ ਅਤੇ ਸ਼ਕਤੀਸ਼ਾਲੀ ਸਵਰਗਦੂਤਾਂ ਦੇ ਵਿੱਚ ਹੋਣ ਦੇ ਕਾਰਣ, ਇਹ ਸੈਨਾ ਅਜੇਤੂ ਹੋਵੇਗੀ।

*ਪ੍ਰਭੂ ਯਿਸੂ "ਭੜਕਦੀ ਅੱਗ ਵਿੱਚ" ਅਕਾਸ਼ੋਂ ਪਰਗਟ ਹੋਵੇਗਾ* (ਆਇਤ 7)। ਅੱਗ ਪਰਮੇਸ਼ੁਰ ਦੀ ਹਜ਼ੂਰੀ ਦੇ ਨਾਲ ਆਉਂਦੀ ਹੈ। ਕੂਚ 3:2 ਵਿੱਚ, ਜਦੋਂ ਪਰਮੇਸ਼ੁਰ ਮੂਸਾ ਦੇ

ਸਾਹਮਣੇ ਪਰਗਟ ਹੋਇਆ ਸੀ, ਤਾਂ ਉਹ ਬਲਦੀ ਝਾੜੀ ਦੇ ਵਿੱਚ ਪਰਗਟ ਹੋਇਆ ਸੀ। ਯਸਾਯਾਹ 66:15 ਜ਼ਿਕਰ ਕਰਦੀ ਹੈ ਕਿ ਯਹੋਵਾਹ ਨਿਆਂ ਕਰਨ ਦੇ ਲਈ ਭੜਕਦੀ ਅੱਗ ਦੇ ਵਿੱਚ ਆ ਰਿਹਾ ਹੈ: "ਵੇਖੋ ਤਾਂ, ਯਹੋਵਾਹ ਅੱਗ ਨਾਲ ਨਾਲ ਆਵੇਗੀ ਅਤੇ ਉਹ ਦੇ ਰਥ ਵਾਵਰੋਲੇ ਵਾਂਙੁ, ਭਈ ਉਹ ਆਪਣਾ ਕ੍ਰੋਧ ਤੇਜ਼ੀ ਨਾਲ ਅਤੇ ਆਪਣੀ ਤਾੜ ਅੱਗ ਦੀਆਂ ਲਾਟਾਂ ਨਾਲ ਪਾਵੇ।"

ਅੱਗ ਦੋ ਵਿਚਾਰਾਂ ਦਾ ਪ੍ਰਤੀਕ ਹੈ। ਪਹਿਲਾ, ਇਹ ਮਹਿਮਾ ਦਾ ਇੱਕ ਪ੍ਰਤੀਕ ਹੈ। ਇਹ ਰਾਜੇ ਨਾਲ ਆਉਂਦਾ ਹੈ। ਦੂਸਰਾ, ਇਹ ਨਿਆਂ, ਵਿਦ੍ਰੋਹੀਆਂ ਦੇ ਵਿਰੁੱਧ ਸਜ਼ਾ ਦੇਣ ਵਾਲੇ ਨਿਆਂ ਨੂੰ ਸੂਚਿਤ ਕਰਦਾ ਹੈ। ਯਸਾਯਾਹ ਨੇ ਇਹ ਵੀ ਲਿਖਿਆ, "ਕਿਉਂ ਜੋ ਯਹੋਵਾਹ ਅੱਗ ਨਾਲ, ਨਿਆਉਂ ਕਰੇਗਾ।" ਮਲਾਕੀ 3:2 ਵਿੱਚ, ਵੀ, ਯਹੋਵਾਹ ਦੀ ਤੁਲਨਾ ਉਸ ਦੇ ਨਾਲ ਕੀਤੀ ਗਈ ਹੈ ਜੋ ਅੱਗ ਦੇ ਨਾਲ ਧਾਂਤ ਨੂੰ ਸ਼ੁੱਧ ਕਰਦਾ ਹੈ। ਇੱਕ ਤਾਉਣ ਦੀ ਅੱਗ ਖੋਟ ਨੂੰ ਹਟਾ ਦਿੰਦੀ ਹੈ।

ਇੱਕ ਦਿਨ ਆ ਰਿਹਾ ਹੈ ਜਦੋਂ ਯਿਸੂ ਦੁਬਾਰਾ ਆਵੇਗਾ। ਉਹ ਆਪਣੀ ਸਵਰਗੀ ਸੈਨਾ ਦੇ ਨਾਲ ਆਵੇਗਾ ਅਤੇ ਸੱਚਾ ਨਿਆਂ ਲਿਆਵੇਗਾ। ਪਰਮੇਸ਼ੁਰ ਦਾ ਸੱਚਾ ਨਿਆਂ ਉਨ੍ਹਾਂ ਲੋਕਾਂ ਦੇ ਲਈ ਇੱਕ ਸ਼ਾਨਦਾਰ ਦਿਨ ਹੋਵੇਗਾ ਜਿਨ੍ਹਾਂ ਨੇ ਧਾਰਮਿਕਤਾ ਦਾ ਜੀਵਨ ਗੁਜ਼ਾਰਿਆ ਹੈ। ਜਿਨ੍ਹਾਂ ਨੇ ਮਸੀਹ ਦੀ ਖਾਤਰ ਦੁਖ ਸਹੇ ਸਨ ਉਹ ਆਪਣਾ ਸਵਰਗ ਦਾ ਇਨਾਮ ਪ੍ਰਾਪਤ ਕਰਨਗੇ। ਪਰ, ਜੋ ਲੋਕ ਪਰਮੇਸ਼ੁਰ ਦੇ ਲੋਕਾਂ ਦੇ ਲਈ ਦੁਖ ਦਾ ਕਾਰਣ ਸਨ ਉਹ ਸੁਨਿਆਰੇ ਦੀ ਅੱਗ ਦੀ ਤੀਬਰਤਾ ਨੂੰ ਮਹਿਸੂਸ ਕਰਣਗੇ। ਜਦੋਂ ਯਿਸੂ ਵਾਪਸ ਆਵੇਗਾ, ਤਾਂ ਉਹ ਸਾਡੇ ਅੰਦਰ ਕੀ ਪਾਵੇਗਾ? ਕੀ ਅਸੀਂ ਉਸ ਦੇ ਇਨਾਮ ਨੂੰ ਪ੍ਰਾਪਤ ਕਰਾਂਗੇ, ਜਾਂ ਅਸੀਂ ਪਰਮੇਸ਼ੁਰ ਦੇ ਕ੍ਰੋਧ ਦਾ ਅਨੁਭਵ ਕਰਾਂਗ? EE

**ਜਦੋਂ ਯਿਸੂ ਆਵੇ (1:5-10)**

ਜਦੋਂ ਪੌਲੁਸ ਇਨ੍ਹਾਂ ਅੱਤਿਆਚਾਰ ਸਹਿ ਰਹੇ ਮਸੀਹੀਆਂ ਨੂੰ ਮਸੀਹ ਦੀ ਦੂਸਰੀ ਆਮਦ ਦੀ ਖੁਸ਼ਖਬਰੀ ਦੇ ਦੁਆਰਾ ਉਤਸ਼ਾਹਿਤ ਕਰ ਰਿਹਾ ਸੀ, ਉਸ ਨੇ ਨਵੇਂ ਨੇਮ ਵਿੱਚ ਮਸੀਹ ਦੀ ਆਮਦ ਦੀਆਂ ਸਭ ਤੋਂ ਸਪੱਸ਼ਟ ਤਸਵੀਰਾਂ ਵਿੱਚੋਂ ਇੱਕ ਤਸਵੀਰ ਦਿੱਤੀ ਸੀ। ਉਸ ਨੇ ਉਸ ਦੀ ਆਮਦ ਨੂੰ ਆਦਰ ਦੇ ਲਈ ਨਾਲ ਆਉਣ ਵਾਲਿਆਂ ਦੇ ਸੰਬੰਧ ਵਿੱਚ ਬਿਆਨ ਕੀਤਾ, ਜਿਸ ਸਥਾਨ ਤੋਂ ਉਹ ਆਵੇਗਾ ਅਤੇ ਉਸ ਦੇ ਚਾਰ-ਚੁਫੇਰੇ ਕੀ ਹੋਵੇਗਾ। ਪੌਲੁਸ ਨੇ ਕਿਹਾ ਕਿ ਉਸ ਦਾ ਆਉਣਾ ਇੱਕ ਪ੍ਰਕਾਸ਼ਨ ਹੋਵੇਗਾ, ਇੱਕ ਅਜਿਹੀ ਚੀਜ਼ ਨੂੰ ਉਜਾਗਰ ਕਰਨਾ ਜੋ ਲੁਕੀ ਹੋਈ ਸੀ। ਇਹ ਇੱਕ ਪਰਗਟੀਕਰਣ, ਇੱਕ ਖੁਲਾਸਾ ਹੋਵੇਗਾ।

ਇਹ ਬੰਦ ਸਾਨੂੰ ਇੱਕ ਮਾਨਸਿਕ ਤਸਵੀਰ ਦਿੰਦਾ ਹੈ ਕਿ ਉਸ ਦਾ ਆਉਣਾ ਕਿਸ ਪ੍ਰਕਾਰ ਦਾ ਹੋਵੇਗਾ।

*ਉਹ ਸਵਰਗ . . . ਤੋਂ ਆਵੇਗਾ।* ਇਹ ਯਿਸੂ ਹੈ, ਪਰਮੇਸ਼ੁਰ ਜੋ ਆ ਰਿਹਾ ਹੈ। ਧਰਤੀ ਉੱਤਲੀ ਆਪਣੀ ਸੇਵਕਾਈ ਦੇ ਅੰਤ ਵਿੱਚ, ਉਹ ਸਵਰਗ ਵਿੱਚ ਵਾਪਸ ਉਠਾ ਲਿਆ ਗਿਆ ਸੀ (ਰਸੂਲਾਂ ਦੇ ਕਰਤੱਬ 1:11) ਅਤੇ ਮਸੀਹੀ ਯੁੱਗ ਦੇ ਅੰਤ ਵਿੱਚ ਉਹ ਵਾਪਸ ਆਵੇਗਾ। ਜੋ ਆ ਰਿਹਾ ਹੈ ਉਹ ਉਹ ਹੈ ਜਿਸ ਨੂੰ ਪਰਮੇਸ਼ੁਰ ਦੇ ਸੱਜੇ ਹੱਥ ਬਿਠਾ ਦਿੱਤਾ ਗਿਆ ਹੈ।

*ਉਹ ਬਲਵੰਤ ਦੂਤਾਂ ਸਣੇ . . . ਆਵੇਗਾ।* ਯਿਸੂ ਇਕੱਲਾ ਨਹੀਂ ਆਵੇਗਾ। ਉਹ ਇੱਕ ਸਵਰਗੀ ਸੈਨਾ ਦੇ ਨਾਲ ਆਵੇਗਾ ਅਤੇ ਉਹ ਸਾਰੀ ਧਰਤੀ ਦਾ ਨਿਆਂ ਕਰਨ ਦੇ ਵਿੱਚ ਉਸ ਦੀ ਮਦਦ ਕਰਦੇ ਹੋਏ ਉਸ ਦੀ ਸਮਰਥ ਨੂੰ ਪ੍ਰਸਾਰਿਤ ਕਰਣਗੇ (ਮੱਤੀ 25:31–33)।

ਸਵਰਗਦੂਤਾਂ ਦੀ ਭੂਮਿਕਾ ਦੂਜੇ ਦਰਜੇ ਦੀ ਹੋਵੇਗੀ; ਉਹ ਪ੍ਰਭੂ ਦੇ ਸਹਾਇਕਾਂ ਦੇ ਰੂਪ ਵਿੱਚ ਸੇਵਾ ਕਰਣਗੇ।

ਜੋ ਉਨ੍ਹਾਂ ਨੂੰ ਉਹ ਕਰਨਾ ਹੈ ਜੋ ਉਨ੍ਹਾਂ ਨੂੰ ਕਰਨ ਦੇ ਲਈ ਕਿਹਾ ਜਾਵੇਗਾ ਤਾਂ ਉਨ੍ਹਾਂ ਦਾ ਸ਼ਕਤੀਸ਼ਾਲੀ ਸਵਰਗਦੂਤ ਹੋਣਾ: ਉਹ ਅਨੰਤ ਨਿਆਂ ਨੂੰ ਅੰਜਾਮ ਦੇਣ ਵਿੱਚ ਪ੍ਰਭੂ ਦੀ ਮਦਦ ਕਰਣਗੇ। ਇਹ ਸਵਰਗਦੂਤ ਮਸੀਹ ਦੇ ਸ਼ਕਤੀ ਨੂੰ ਪਰਗਟ ਕਰਣਗੇ ਅਤੇ ਉਹ ਉਸ ਦੀ ਸ਼ਾਨ ਅਤੇ ਈਸ਼ੁਰਤਾਈ ਨੂੰ ਪਰਗਟ ਕਰਣਗੇ। ਉਹ ਪ੍ਰਭੂ ਦੇ ਦੁਆਰਾ ਦਿੱਤੀ ਹੋਈ ਸਮਰਥ ਦੇ ਰਾਹੀਂ ਪ੍ਰਭੂ ਦੇ ਦੁਆਰਾ ਦਿੱਤੀ ਹੋਏ ਹੁਕਮ ਨੂੰ ਤੇਜ਼ੀ ਦੇ ਨਾਲ ਅੱਗੇ ਲੈ ਜਾਣਗੇ। ਆਪਣੀ ਭੂਮਿਕਾ ਨੂੰ ਪੂਰਾ ਕਰਨ ਦੇ ਵਿੱਚ, ਉਹ ਉਸ ਦੀ ਸ੍ਰੇਸ਼ਠ ਮਹਿਮਾ ਨੂੰ ਪ੍ਰਤਿਬਿੰਬਿੰਤ ਕਰਣਗੇ।

*ਉਹ . . . ਭੜਕਦੀ ਅੱਗ ਵਿੱਚ ਆਵੇਗਾ।* ਉਸ ਦੀ ਮਹਿਮਾ ਅਤੇ ਮਹਾਨਤਾ ਅੱਗ ਦੁਆਰਾ ਪਰਗਟ ਕੀਤੀ ਜਾਵੇਗੀ। ਸ਼ਾਇਦ ਉਸ ਨੇ ਅੱਗ ਨੂੰ ਪਹਿਨਿਆ ਹੋਵੇਗਾ, ਜਾਂ ਸ਼ਾਇਦ ਉੱਜਵਲ ਬੱਦਲਾਂ ਨੇ ਉਸ ਨੂੰ ਘੇਰਿਆ ਹੋਵੇਗਾ।

*ਉਹ . . . ਅਨੰਤ ਨਿਆਈਂ ਦੇ ਰੂਪ ਵਿੱਚ ਆਵੇਗਾ।* ਉਸ ਦੇ ਆਉਣ ਦੇ ਮਕਸਦਾਂ ਵਿੱਚੋਂ ਇੱਕ ਉਨ੍ਹਾਂ ਲੋਕਾਂ ਤੇ ਬਦਲੇ ਨੂੰ ਲਿਆਉਣਾ ਹੋਵੇਗਾ ਜਿਨ੍ਹਾਂ ਨੇ ਪ੍ਰਭੂ ਦੇ ਗਿਆਨ ਦਾ ਇਨਕਾਰ ਕਰ ਦਿੱਤਾ ਹੈ ਅਤੇ ਸੁਸਮਾਚਾਰ ਦੀ ਆਗਿਆਕਾਰੀ ਨੂੰ ਰੱਦ ਦਿੱਤਾ ਹੈ।

ਇਹ ਨੋਟ ਕੀਤਾ ਜਾਣਾ ਚਾਹੀਦਾ ਹੈ ਕਿ ਖੁਸ਼ਖਬਰੀ ਖਬਰ, ਇੱਕ ਕਹਾਣੀ, ਜਾਂ ਸਲਾਹ ਤੋਂ ਵੱਧ ਕੇ ਹੈ। ਇਸ ਦਾ ਸੁਭਾਅ ਹੁਕਮ ਦਾ ਸੁਭਾਅ ਹੈ। ਇਸ ਦੀ ਆਗਿਆਕਾਰੀ ਕੀਤੀ ਜਾਣੀ ਚਾਹੀਦੀ ਹੈ।

ਸਾਡੇ ਪ੍ਰਭੂ ਦੇ ਆਉਣ ਦਾ ਮੁੱਖ ਉਦੇਸ਼ ਬੁਰੇ ਲੋਕਾਂ ਨੂੰ ਸਜ਼ਾ ਦੇਣਾ ਨਹੀਂ ਹੋਵੇਗਾ। ਉਹ ਮੁਖ ਰੂਪ ਵਿੱਚ ਆਪਣੇ ਖੁਦ ਦੇ ਲੋਕਾਂ ਨੂੰ ਲੈਣ ਦੇ ਲਈ ਆਵੇਗਾ। ਉਨ੍ਹਾਂ ਲੋਕਾਂ ਦਾ ਨਿਆਂ ਜੋ ਉਸ ਨੂੰ ਰੱਦ ਕਰਦੇ ਹਨ ਉਹ ਬਚਾਏ ਹੋਇਆਂ ਦੀ ਅਨੰਤ ਮੁਕਤੀ ਦੇ ਮਕਸਦ ਤੋਂ ਦੂਜੇ ਦਰਜੇ ਤੇ ਹੈ। ਉਸ ਦਾ ਆਉਣਾ ਮਸੀਹੀ ਯੁੱਗ ਨੂੰ ਅੰਤਿਮ ਰੂਪ ਦੇਵੇਗਾ। ਅਨੰਤਤਾ ਉਸ ਦੇ ਆਉਣ ਦੇ ਪਿੱਛੇ ਪਿੱਛੇ ਆਵੇਗੀ। ਬਾਈਬਲ ਨੂੰ ਤਿੰਨ ਵਾਕਾਂ ਵਿੱਚ ਬੋਲਿਆ ਜਾ ਸਕਦਾ ਹੈ: "ਉਹ ਆ ਰਿਹਾ ਹੈ; ਉਹ ਆਇਆ ਹੈ; ਉਹ ਵਾਪਸ ਆ ਰਿਹਾ ਹੈ।"

ਪੌਲੁਸ ਚਾਹੁੰਦਾ ਸੀ ਕਿ ਥੱਸਲੁਨੀਕੇ ਦੇ ਲੋਕ ਮਸੀਹ ਦੀ ਆਮਦ ਨੂੰ ਸੰਪੂਰਣ ਸਪੱਸ਼ਟਤਾ ਦੇ ਨਾਲ ਵੇਖਣ, ਕਿਉਂਕਿ ਅਜਿਹੀ ਇੱਕ ਤਸਵੀਰ ਉਨ੍ਹਾਂ ਨੂੰ ਉਤਸ਼ਾਹ ਅਤੇ ਦਿਲਾਸਾ ਦੇਵੇਗੀ। ਅਸੀਂ ਉਸ ਦੀ ਵਾਪਸੀ ਨੂੰ ਕਿਵੇਂ ਵੇਖਦੇ ਹਾਂ? EC

**ਆਗਿਆਕਾਰ ਦਾ ਭਵਿੱਖ (1:10)**

ਇਸ ਦਾ ਉਲੇਖ ਕਰਨ ਤੋਂ ਬਾਅਦ ਕਿ ਅਣਆਗਿਆਕਾਰੀ ਕਿਸ ਚੀਜ਼ ਦਾ ਤਜ਼ਰਬਾ ਕਰਣਗੇ, ਪੌਲੁਸ ਧਰਮੀ ਦੇ ਭਵਿੱਖ ਦੀ ਤਸਵੀਰ ਵੱਲ ਮੁੜਿਆ। ਬਚਾਏ ਹੋਇਆਂ ਦੇ ਲਈ ਦੂਸਰੀ ਆਮਦ ਕਿਹੋ ਜਿਹੀ ਹੋਵੇਗੀ?

*ਉਹ ਪਰਮੇਸ਼ੁਰ ਦੀ ਮਹਿਮਾ ਕਰਣਗੇ।* ਬਚਾਏ ਹੋਇਆਂ ਦੇ ਰਾਹੀਂ ਯਿਸੂ ਦੀ ਮਹਿਮਾ ਕੀਤੀ ਜਾਵੇਗੀ, ਉਸ ਵਿੱਚ ਬਾਗ-ਬਾਗ ਹੋਇਆ ਜਾਵੇਗਾ ਅਤੇ ਉਸ ਦੀ ਪ੍ਰਸ਼ੰਸਾ ਕੀਤੀ ਜਾਵੇਗੀ ਜਦੋਂ ਉਹ ਉਨ੍ਹਾਂ ਨੂੰ ਉਨ੍ਹਾਂ ਦੇ ਅਨੰਤ ਨਿਵਾਸ ਦੇ ਲਈ ਇਕੱਠਾ ਕਰਦਾ ਹੈ। ਸੰਬੰਧਕ "ਵਿੱਚ" ਕਿਰਿਆ "ਮਹਿਮਾ ਕੀਤੀ ਜਾਏਗੀ" ਦਾ ਅਗੇਤਰ ਹੈ, ਇਸ ਦੇ ਨਾਲ ਨਾਲ ਕਿਰਿਆ ਦੇ ਬਾਅਦ ਇਕੱਲਾ ਖੜਾ ਰਹਿੰਦਾ ਹੈ। ਦੂਜੇ ਸ਼ਬਦਾਂ ਵਿੱਚ, ਪੌਲੁਸ ਸ਼ਾਨਦਾਰ ਦਾਅਵੇ ਕਰ ਰਿਹਾ ਹੈ ਕਿ

ਪ੍ਰਭੂ ਦੀ ਮਹਿਮਾ ਸੰਤਾਂ ਦੇ ਵਿੱਚੋਂ ਪਰਗਟ ਹੋਵੇਗੀ (ਤੁਲਨਾ ਕਰਕੇ ਵੇਖੋ ਯੂਹੰਨਾ 17:1; ਅਫ਼ਸੀਆਂ 2:7)। ਦੂਜੇ ਸ਼ਬਦਾਂ ਵਿੱਚ, ਬਚਾਏ ਹੋਏ ਲੋਕ, ਜਿਨ੍ਹਾਂ ਵਿੱਚ ਉਹ ਹਨ—ਜੋ ਲਹੂ ਦੇ ਨਾਲ ਛੁਡਾਏ ਹੋਏ ਹਨ—ਪਰਮੇਸ਼ੁਰ ਦੀ ਮਹਿਮਾ ਨੂੰ ਪਰਗਟ ਕਰਣਗੇ।

*ਉਹ ਪਰਮੇਸ਼ੁਰ ਦੀ ਮਹਿਮਾ ਦੇ ਭਾਗੀ ਹੋਣਗੇ।* ਯਿਸੂ ਆਪਣੀ ਮਹਿਮਾ ਨੂੰ ਬਚਾਏ ਹੋਇਆਂ ਦੇ ਨਾਲ ਸਾਂਝਾ ਕਰੇਗਾ। ਅਸੀਂ ਆਪਣੇ ਪ੍ਰਭੂ ਦੀ ਮਹਿਮਾ ਵਿੱਚ ਲੈ ਲਏ ਜਾਵਾਂਗੇ ਜਿਸ ਦੀ ਅਸੀਂ ਪਾਲਣਾ ਕੀਤੀ ਸੀ। ਹੋਰਨਾਂ ਸਥਾਨਾਂ ਤੇ, ਪੌਲੁਸ ਉਸ ਮਹਿਮਾ ਦੀ ਗੱਲ ਕਰਦਾ ਸੀ ਜੋ ਮਸੀਹੀਆਂ ਉੱਤੇ ਪਰਗਟ ਕੀਤੀ ਜਾਵੇਗੀ (ਰੋਮੀਆਂ 8:18; ਕੁਲੁੱਸੀਆਂ 3:4; ਵੇਖੋ 1 ਪਤਰਸ 4:13)। ਉਸ ਨੇ ਮਸੀਹੀਆਂ ਨੂੰ ਇਸ ਪ੍ਰਕਾਰ ਵੇਖਿਆ ਜਿਵੇਂ ਉਹ ਪਹਿਲਾਂ ਤੋਂ ਹੀ ਇਸ ਜੀਵਨ ਦੇ ਵਿੱਚ ਪ੍ਰਭੂ ਦੀ ਮਹਿਮਾ ਦੇ ਵਿੱਚ ਸਾਂਝੀ ਹਨ ਅਤੇ ਮਸੀਹ ਨਾਲ ਆਪਣੇ ਸੰਬੰਧ ਵਿੱਚ ਪਰਮੇਸ਼ੁਰ ਦੀ ਮਹਿਮਾ ਵਿੱਚ ਵੱਧ ਰਹੇ ਹਨ (2 ਕੁਰਿੰਥੀਆਂ 3:15–18; 4:4–6)। ਉਸ ਦੇ ਆਉਣ ਤੇ, ਉਹ ਉਸ ਦੀ ਮਹਿਮਾ ਨੂੰ ਹੋਰ ਵੀ ਵੱਧ ਪ੍ਰਾਪਤ ਕਰਣਗੇ।

*ਉਹ ਆਪਣੇ ਵਿਸ਼ਵਾਸ ਦੀ ਪੂਰਤੀ ਦਾ ਅਨੁਭਵ ਕਰਣਗੇ।* ਸਾਡਾ ਵਿਸ਼ਵਾਸ ਇੱਕ ਅੰਤ,ਇੱਕ ਸੰਪੂਰਨਤਾ ਵੱਲ ਵੇਖਦਾ ਹੈ। ਪੌਲੁਸ ਦੀ ਗਵਾਹੀ ਗ੍ਰਹਿਣ ਕੀਤੀ ਗਈ ਸੀ, ਉਸ ਉੱਤੇ ਵਿਸ਼ਵਾਸ ਕੀਤਾ ਗਿਆ ਸੀ ਅਤੇ ਉਨ੍ਹਾਂ ਦੇ ਦੁਆਰਾ ਗਵਾਹੀ ਦਾ ਸਵੀਕਾਰ ਕੀਤਾ ਜਾਣਾ ਉਸ ਦੀ ਆਮਦ ਦੇ ਸਮੇਂ ਪੂਰਾ ਕੀਤਾ ਜਾਵੇਗਾ।

*ਉਹ ਆਪਣੇ ਅਨੰਤ ਨਿਵਾਸ ਸਥਾਨਾਂ ਵਿੱਚ ਪ੍ਰਵੇਸ਼ ਕਰਣਗੇ।* ਪੌਲੁਸ ਨੇ ਇਸ ਆਇਤ ਵਿੱਚ ਯੁੱਗਾਂ ਦੀ ਚਰਮ ਸੀਮਾ ਤੇ ਗੱਲ ਕੀਤੀ ਸੀ, ਉਹ ਅੰਤ ਵੱਲ ਜਿਸ ਵੱਲ ਪਰਮੇਸ਼ੁਰ ਦਾ ਅਨੰਤ ਉਦੇਸ਼ ਹਮੇਸ਼ਾ ਵੇਖਦਾ ਰਿਹਾ ਹੈ।

ਮਸੀਹੀ ਪਰਮੇਸ਼ੁਰ ਦੀ ਯੋਜਨਾ ਦੇ ਆਖਰੀ, ਸ਼ਾਨਦਾਰ ਹਿੱਸੇ ਦਾ ਅਨੁਭਵ ਕਰਣਗੇ। ਜੋ ਕੁਝ ਵੀ ਪਰਮੇਸ਼ੁਰ ਨੇ ਕੀਤਾ ਹੈ ਉਹ ਸਭ ਦਾ ਦ੍ਰਿਸ਼ ਇਹ ਘਟਨਾ ਸੀ। ਅਸੀਂ ਸਵਰਗ ਵਿੱਚ, ਆਪਣੇ ਆਲੇ-ਦੁਆਲੇ ਦੇ ਕੁਦਰਤ ਦੇ ਸੰਸਾਰ ਵਿੱਚ ਅਤੇ ਹਰ ਇੱਕ ਮਨੁੱਖ ਵਿੱਚ ਪਰਮੇਸ਼ੁਰ ਦੇ ਹੱਥਾਂ ਦੇ ਕੰਮਾਂ ਨੂੰ ਵੇਖਦੇ ਹਾਂ; ਪਰ ਕੀ ਅਸੀਂ ਕਲਪਨਾ ਕਰ ਸਕਦੇ ਹਾਂ ਕਿ ਉਸ ਦੀ ਸਾਰੀ ਯੋਜਨਾ ਦੀ ਪੂਰਤੀ ਕਿਹੋ ਜਿਹੀ ਹੋਵੇਗੀ? EC

**ਅਣਆਗਿਆਕਾਰ ਦੀ ਕਿਸਮਤ (1:8-10)**

ਇੱਕ ਗ੍ਰਾਫਿਕ ਚਿੱਤਰ ਦਿੱਤਾ ਗਿਆ ਹੈ ਕਿ ਮਸੀਹ ਦੀ ਆਮਦ ਦੇ ਵੇਲੇ ਉਸ ਦੇ ਪ੍ਰਤਿ ਅਣਆਗਿਆਕਾਰੀ ਲੋਕਾਂ ਦੇ ਨਾਲ ਕੀ ਹੋਵੇਗਾ। ਅਣਆਗਿਆਕਾਰੀ ਲੋਕਾਂ ਵਿੱਚ ਉਹ ਲੋਕ ਸ਼ਾਮਲ ਸਨ ਜੋ ਪਰਮੇਸ਼ੁਰ ਨੂੰ ਨਹੀਂ ਜਾਣਦੇ ਹਨ ਕਿਉਂ ਕਿ ਉਨ੍ਹਾਂ ਨੇ ਉਸ ਗਿਆਨ ਨੂੰ ਆਪਣੇ ਮਨਾਂ ਵਿੱਚੋਂ ਬਾਹਰ ਕੱਢ ਦਿੱਤਾ ਅਤੇ ਉਹ ਜਿਨ੍ਹਾਂ ਨੇ ਚੁਣਿਆ ਕਿ ਉਹ ਸੁਸਮਾਚਾਰ ਦੀ ਅਣਆਗਿਆਕਾਰੀ ਨਹੀਂ ਕਰਣਗੇ। ਇਹ ਲੋਕ ਪਰਮੇਸ਼ੁਰ ਦੇ ਬਦਲਾ ਲੈਣ ਦੇ ਸੰਤਾਪ ਨੂੰ ਗ੍ਰਹਿਣ ਕਰਣਗੇ।

*ਉਹ ਸਜ਼ਾ ਭੋਗਣਗੇ।* ਇਹ ਸਪੱਸ਼ਟ ਸ਼ਬਦ ਹਨ ਜੋ ਅਨੰਤ ਸ਼ੋਕ ਦੀ ਭਵਿੱਖਵਾਣੀ ਕਰਦੇ ਹਨ। ਕਿਉਂਕਿ ਜਿਨ੍ਹਾਂ ਨੇ ਮਸੀਹੀਆਂ ਨੂੰ ਸਤਾਇਆ ਹੈ, ਉਨ੍ਹਾਂ ਨੂੰ ਉਸੇ ਪ੍ਰਕਾਰ ਦਾ ਕੁਝ ਪ੍ਰਾਪਤ ਹੋਵੇਗਾ ਜੋ ਉਨ੍ਹਾਂ ਨੇ ਦਿੱਤਾ ਸੀ। ਉਨ੍ਹਾਂ ਨੇ ਦੁੱਖ ਵੰਡਿਆ ਸੀ; ਬਦਲੇ ਵਿੱਚ, ਉਹ ਇਸ ਨੂੰ ਪ੍ਰਾਪਤ ਕਰਣਗੇ।

*ਉਹ ਅਨੰਤ ਵਿਨਾਸ਼ ਭੋਗਣਗੇ।* "ਅਨੰਤ" ਤੇ ਜ਼ੋਰ ਦਿੱਤਾ ਜਾਣਾ ਚਾਹੀਦਾ ਹੈ। ਇਹ

ਪਰਮੇਸ਼ੁਰ ਤੋਂ ਨਿਰੰਤਰ ਅਤੇ ਸਥਾਈ ਜੁਦਾਈ ਹੋਵੇਗੀ। ਸਜ਼ਾ ਦਾ "ਵਿਨਾਸ਼" ਦੇ ਰੂਪ ਵਿੱਚ ਵਰਣਨ ਕੀਤਾ ਗਿਆ ਹੈ। ਉਸ ਸ਼ਬਦ ਜੋ ਇਸਤੇਮਾਲ ਕੀਤਾ ਗਿਆ ਸੀ ਉਹ ਹੋਂਦ ਦੀ ਸਮਾਪਤੀ ਦਾ ਵਿਚਾਰ ਨਹੀਂ ਹੈ। ਵਾਕ "ਅਨੰਤ ਵਿਨਾਸ਼" ਨਵੇਂ ਨੇਮ ਵਿੱਚ ਸਿਰਫ ਇਸ ਸਥਾਨ ਤੇ ਹੀ ਆਇਆ ਹੈ, ਜੋ ਅਨੰਤ ਜੀਵਨ ਦੇ ਇਕਦਮ ਉਲਟ ਹੈ।

*ਉਹ ਪਰਮੇਸ਼ੁਰ ਦੇ ਹਜ਼ੂਰੋਂ ਅਨੰਤ ਵਿਨਾਸ਼ ਭੋਗਣਗੇ।* ਮਨੁੱਖ ਸਮਝ ਨਹੀਂ ਸਕਦੇ ਹਨ ਕਿ ਪ੍ਰਭੂ ਅਤੇ ਉਸ ਦੀ ਮਹਿਮਾ ਤੋਂ ਦੂਰ ਹੋਣਾ ਕਿਹੋ ਜਿਹਾ ਹੋਵੇਗਾ। ਧਰਮੀ ਲੋਕ ਪ੍ਰਭੂ ਦੇ ਨਾਲ ਸੰਗਤੀ ਵਿੱਚ ਪ੍ਰਵੇਸ਼ ਕਰਣਗੇ ਅਤੇ ਅਧਰਮੀ ਲੋਕ ਸਦਾ ਸਦਾ ਦੇ ਲਈ ਉਸ ਸੰਗਤੀ ਤੋਂ ਬਾਹਰ ਕੱਢ ਦਿੱਤੇ ਜਾਣਗੇ।

ਕੁਝ ਬੰਦਰਗਾਹਾਂ ਸਾਲ ਦੇ ਦੌਰ ਨੂੰ ਸੰਚਾਲਿਤ ਕਰਦੀਆਂ ਹਨ। ਹੋਰਨਾਂ ਦੇ ਲਈ ਸਰਦੀ ਦੇ ਦੌਰਾਨ ਆਇਸਬਾਊਂਡ ਹੁੰਦੇ ਹਨ। ਇਹ ਕਿਹਾ ਜਾਂਦਾ ਹੈ ਕਿ ਟਰੰਟੋ, ਕੇਨੈਡਾ ਵਰਗੀਆਂ ਬੰਦਰਗਾਹਾਂ ਵਿੱਚ, ਅਧਿਕਾਰੀ ਇੱਕ ਕਪਤਾਨ ਨੂੰ ਬੇਨਤੀ ਕਰਦੇ ਹਨ ਕਿ ਜਦੋਂ ਬਰਫ਼ ਦਾ ਜਮ ਜਾਣਾ ਨੇੜੇ ਹੀ ਹੁੰਦਾ ਹੈ ਤਾਂ ਉਹ ਆਪਣੇ ਜਹਾਜ਼ ਬੰਦਰਗਾਹ ਦੇ ਬਾਹਰ ਰੱਖਣ। ਜੇਕਰ ਉਹ ਦੇਰੀ ਕਰਦਾ ਹੈ, ਤਾਂ ਉਹ ਜਾ ਨਹੀਂ ਸਕੇਗਾ। ਜਦੋਂ ਉਹ ਦੂਰ ਨਿਕਲ ਸਕਦਾ ਸੀ ਉਸ ਮੌਕੇ ਦਾ ਫਾਇਦਾ ਉਠਾਉਣ ਤੋਂ ਇਨਕਾਰ ਕਰਕੇ, ਉਹ ਉਸ ਚੀਜ਼ ਨੂੰ ਪ੍ਰਾਪਤ ਕਰਦਾ ਹੈ ਜਿਸ ਦਾ ਉਹ ਹੱਕਦਾਰ ਹੁੰਦਾ ਹੈ। ਇਸ ਲਈ, ਅਨੰਤ ਸਜ਼ਾ, ਦੋ ਤੱਥਾਂ ਨੂੰ ਮੋਹਰਬੰਦ ਕਰਦੀ ਹੈ: ਪਰਮੇਸ਼ੁਰ ਸਦਾ ਕਾਲ ਤੱਕ ਧੀਰਜ ਨਹੀਂ ਕਰੇਗਾ ਅਤੇ ਮਨੁੱਖ ਦਾ ਪਛਚਾਤਾਪ ਕਰਨ ਦਾ ਮੌਕਾ ਸੀਮਿਤ ਹੈ।[14]

ਪਰਮੇਸ਼ੁਰ ਦੇ ਸਾਰੇ ਵਚਨ ਵਿੱਚ ਕੁਝ ਵੀ ਇੰਨਾ ਪਵਿੱਤਰ ਨਹੀਂ ਹੈ ਜਿੰਨਾ ਇਹ ਚਿੱਤਰ ਹੈ। ਸਲੀਬ ਇੰਨੀ ਭਿਆਨਕ ਸੀ ਕਿਉਂਕਿ ਪਰਮੇਸ਼ੁਰ ਦੇ ਕੋਲੋਂ ਅਨੰਤ ਜੁਦਾਈ ਬਹੁਤ ਹੀ ਜ਼ਿਆਦਾ ਦੁਖਦਾਇਕ ਹੈ। ਅੰਤ ਵਿੱਚ, ਪਰਮੇਸ਼ੁਰ ਦੇ ਰਾਹੀਂ ਉਨ੍ਹਾਂ ਲੋਕਾਂ ਨੂੰ ਰੱਦ ਕਰਨਾ ਪਵੇਗਾ ਜਿਹੜੇ ਆਪਣੇ ਮੁਕਤੀ ਦੇ ਇੱਕੋ ਇੱਕ ਸਾਧਨ, ਸੁਸਮਾਚਾਰ ਨੂੰ ਰੱਦ ਕੀਤਾ ਹੈ। EC

**ਇੱਕ ਦੂਜੇ ਦੇ ਲਈ ਪ੍ਰਾਰਥਨਾ ਕਰਨਾ (1:11, 12)**

ਸੋਚੋ ਕਿ ਇਹ ਕਿਹੋ ਜਿਹਾ ਹੋਵੇਗਾ ਕਿ ਤੁਸੀਂ ਆਪਣੇ ਸਿਰ ਨੂੰ ਝੁਕਾਇਆ ਹੈ ਅਤੇ ਪੌਲੁਸ ਦੇ ਨਾਲ ਪ੍ਰਾਰਥਨਾ ਵਿੱਚ ਸ਼ਾਮਲ ਹੋ ਗਏ ਹੋ, ਉਸ ਦੁਆਰਾ ਪ੍ਰਾਰਥਨਾ ਵਿੱਚ ਅਗਵਾਈ ਕਰਨ ਦੇ ਦੌਰਾਨ ਤੁਸੀਂ ਸੁਣ ਅਤੇ ਪਾਰਥਨਾ ਕਰ ਰਹੇ ਹੋ। ਇਹ ਕਿੰਨੀ ਆਦਰ ਦੀ ਗੱਲ ਹੋਣੀ ਸੀ! ਦੁਸਰੀ ਸਭ ਤੋਂ ਉੱਤਮ ਚੀਜ਼ ਹੈ ਇਹ ਵੇਖਣਾ ਹੈ ਕਿ ਉਸ ਨੇ ਕੀ ਕਿਹਾ ਸੀ ਕਿ ਉਹ ਕਿਸ ਵਿਸ਼ੇ ਵਿੱਚ ਪ੍ਰਾਰਥਨਾ ਕਰੇਗਾ।

ਇਨ੍ਹਾਂ ਦੋ ਆਇਤਾਂ ਵਿੱਚ, ਉਸ ਨੇ ਕਿਹਾ ਹੈ ਕਿ ਉਹ ਥੱਸਲੁਨੀਕੇ ਦੇ ਲੋਕਾਂ ਦੇ ਲਈ ਪ੍ਰਾਰਥਨਾ ਕਰ ਰਿਹਾ ਸੀ। ਉਸ ਨੇ ਉਨ੍ਹਾਂ ਦੇ ਲਈ ਨਿਰੰਤਰ ਇੱਕ ਵਿਸ਼ੇਸ਼ ਪ੍ਰਾਰਥਨਾ ਕੀਤੀ ਸੀ। ਕਿਉਂਕਿ ਉਸ ਨੇ ਹਮੇਸ਼ਾ ਉਨ੍ਹਾਂ ਦੇ ਲਈ ਪ੍ਰਾਰਥਨਾ ਕੀਤੀ ਸੀ, ਇਹ ਜ਼ਰੂਰ ਇੱਕ ਮਹੱਤਵਪੂਰਣ ਪ੍ਰਾਰਥਨਾ ਰਹੀ ਸੀ। ਉਹ ਉਨ੍ਹਾਂ ਦੇ ਲਈ ਸਭ ਤੋਂ ਵੱਡੀਆਂ ਸਿਫਾਰਸ਼ਾਂ ਜੋ ਉਹ ਕਰ ਸਕਦਾ ਸੀ ਕਰ ਰਿਹਾ ਸੀ। ਨਿਸ਼ਚਤ ਤੌਰ ਤੇ ਇਹ ਬੇਨਤੀਆਂ ਸਨ ਜੋ ਸਾਨੂੰ ਇੱਕ ਦੂਸਰੇ ਦੇ ਲਈ ਕਰਨ ਦੀ ਲੋੜ ਹੈ।

*ਕਿ ਸਾਡੇ ਭਾਈ ਆਪਣੀ ਬੁਲਾਹਟ ਦੇ ਯੋਗ ਹੋ ਜਾਣ।* ਪੌਲੁਸ ਨੇ ਪ੍ਰਾਰਥਨਾ ਕੀਤੀ ਕਿ ਪਰਮੇਸ਼ੁਰ ਥੱਸਲੁਨੀਕੇ ਦੇ ਲੋਕਾਂ ਨੂੰ ਆਪਣੀ ਬੁਲਾਹਟ ਦੇ ਯੋਗ ਸਮਝੇ ਜੋ ਉਨ੍ਹਾਂ ਨੇ ਮਸੀਹੀ

ਬਣਨ ਦੇ ਸਮੇਂ ਪ੍ਰਾਪਤ ਕੀਤੀ ਸੀ। ਉਹ ਖੁਸ਼ਖਬਰੀ ਦੇ ਰਾਹੀਂ ਬੁਲਾਏ ਗਏ ਸਨ ਤਾਂ ਕਿ ਬਚਾਏ ਹੋਇਆਂ ਦਾ ਮਹਾਨ ਜੀਵਨ ਜੀ ਸਕਣ। ਪੌਲੁਸ ਚਾਹੁੰਦਾ ਸੀ ਕਿ ਉਨ੍ਹਾਂ ਨੂੰ ਉਸ ਸੱਦੇ ਦੇ ਅਨੁਸਾਰ ਇਕਸੁਰਤਾ ਦੇ ਨਾਲ ਚੱਲਦੇ ਹੋਏ ਵੇਖੇ। ਸਾਡੇ ਭਾਈਆਂ ਦੇ ਲਈ ਸਾਡੀ ਇਹੋ ਪ੍ਰਾਰਥਨਾ ਹੋਣੀ ਚਾਹੀਦੀ ਹੈ।

*ਤਾਂ ਕਿ ਸਾਡੇ ਭਾਈਆਂ ਦੀ ਵਿਸ਼ਵਾਸ-ਵਧਾਉਣ ਵਾਲੀਆਂ ਬੇਨਤੀਆਂ ਪੂਰੀਆਂ ਹੋ ਸਕਣ।* ਪੌਲੁਸ ਨੇ ਪ੍ਰਾਰਥਨਾ ਕੀਤੀ ਕਿ ਪਰਮੇਸ਼ੁਰ ਉਨ੍ਹਾਂ ਦੀ ਹਰ ਇੱਕ ਮਹਾਨ ਲਾਲਸਾ ਨੂੰ ਪੂਰਾ ਕਰੇ। ਉਲੇਖ ਪਰਮੇਸ਼ੁਰ ਦੀ ਭਲਾਈ ਦਾ ਨਹੀਂ ਹੈ ਸਗੋਂ ਥੱਸਲੁਨੀਕੇ ਦੇ ਲੋਕਾਂ ਦੀ ਭਲਾਈ ਦਾ ਹੈ। ਇਸ ਖੰਡ ਦਾ ਅਨੁਵਾਦ ਇਸ ਪ੍ਰਕਾਰ ਕੀਤਾ ਜਾ ਸਕਦਾ ਹੈ, "ਅਤੇ ਭਲਾਈ ਕਰਨ ਦੇ ਸਾਰੇ ਚੰਗੇ ਸੰਕਲਪ ਨੂੰ ਪੂਰਾ ਕਰਨਾ।" ਉਹ ਚਾਹੁੰਦਾ ਸੀ ਕਿ ਹਰ ਭਲਾਈ ਦੀ ਹਰ ਇੱਕ ਇੱਛਾ ਦਾ ਅਤੇ ਵਿਸ਼ਵਾਸ ਦੇ ਹਰ ਇੱਕ ਕੰਮ ਦਾ ਉੱਤਰ ਪਰਮੇਸ਼ੁਰ ਦੀ ਸਮਰਥ ਦੇ ਵਿੱਚ ਹੋ ਕੇ ਦਿੱਤਾ ਜਾਵੇ।

ਅਸੀਂ ਵੇਖਦੇ ਹਾਂ ਕਿ ਭਲਾਈ, ਵਿਸ਼ਵਾਸ ਅਤੇ ਪਰਮੇਸ਼ੁਰ ਦੀ ਸਮਰਥ ਪਰਮੇਸ਼ੁਰ ਦੇ ਸਾਹਮਣੇ ਕੀਤੀ ਗਈ ਇਸ ਪਵਿੱਤਰ ਪ੍ਰਾਰਥਨਾ ਵਿੱਚ ਸੰਯੁਕਤ ਹਨ। ਪ੍ਰਾਰਥਨਾ ਦਾ ਇਸ ਕਿਸਮ ਦਾ ਅਨੁਮਾਨ ਕਿ ਪਰਮੇਸ਼ੁਰ ਉਨ੍ਹਾਂ ਦੇ ਵਿਚਕਾਰ ਆਪਣੇ ਈਸ਼ੁਰੀ ਉਦੇਸ਼ਾਂ ਕੰਮ ਕਰ ਰਿਹਾ ਹੈ ਅਤੇ ਇਹ ਕਿ ਉਹ ਸੱਚਮੁੱਚ ਆਪਣੇ ਲੋਕਾਂ ਦੀਆਂ ਪ੍ਰਾਰਥਨਾਵਾਂ ਦੇ ਉੱਤਰ ਦਿੰਦਾ ਹੈ।

*ਕਿ ਉਨ੍ਹਾਂ ਦੇ ਰਾਹੀਂ ਮਸੀਹ ਨੂੰ ਮਹਿਮਾ ਮਿਲੇ।* ਪੌਲੁਸ ਨੇ ਪ੍ਰਾਰਥਨਾ ਕੀਤੀ ਕਿ ਥੱਸਲੁਨੀਕੇ ਦੇ ਲੋਕਾਂ ਦੇ ਰਾਹੀਂ ਮਸੀਹ ਨੂੰ ਮਹਿਮਾ ਮਿਲੇ ਅਤੇ ਇਹ ਕਿ ਉਹ ਪਰਮੇਸ਼ੁਰ ਦੀ ਮਹਿਮਾ ਵਿੱਚ ਭਾਗੀਦਾਰ ਹੋ ਸਕਣ। "ਨਾਮ," ਜ਼ਰੂਰ, ਸਾਰੇ ਲੋਕਾਂ ਦੇ ਲਈ ਵਰਤਿਆ ਜਾਂਦਾ ਹੈ, ਤਾਂ ਕਿ ਪ੍ਰਭੂ ਦੇ ਨਾਮ ਨੂੰ ਮਹਿਮਾ ਦੇਣਾ ਇਸ ਲਈ ਹੋਵੇ ਕਿ ਸੰਸਾਰ ਦੇ ਸਾਹਮਣੇ ਪਰਗਟ ਹੋ ਜਾਵੇ ਕਿ ਪ੍ਰਭੂ ਦੇ ਲੋਕ ਕਿਹੋ ਜਿਹੇ ਹੋਣੇ ਚਾਹੀਦੇ ਹਨ। ਪੌਲੁਸ ਨੇ ਵੇਖਿਆ ਕਿ ਮਸੀਹ ਦੀ ਮਹਿਮਾ ਦੋ ਦਿਸ਼ਾਵਾਂ ਵਿੱਚ ਜਾਂਦੀ ਹੈ—ਮਸੀਹੀ ਮਸੀਹ ਨੂੰ ਮਹਿਮਾ ਦਿੰਦੇ ਹਨ, ਜਦਕਿ ਜਦੋਂ ਉਹ ਉਸ ਦੇ ਲਈ ਜਿਉਂਦੇ ਹਨ ਤਾਂ ਉਸ ਦੇ ਬਦਲੇ ਵਿੱਚ ਉਹ ਉਸ ਦੀ ਮਹਿਮਾ ਵਿੱਚ ਸਾਂਝੀ ਹੁੰਦੇ ਹਨ।

ਇਹ ਇੱਕ ਕਿੰਨੀ ਸਾਰਥਕ ਪ੍ਰਾਰਥਨਾ ਹੈ! ਇਸ ਦੇ ਦੁਆਰਾ ਆਤਮਿਕ ਤੱਤ ਢੱਕੇ ਜਾਂਦੇ ਹਨ: ਯੋਗ ਚਾਲ, ਮਸੀਹੀ ਆਸ਼ਾਵਾਂ ਅਤੇ ਮਸੀਹ ਨੂੰ ਮਹਿਮਾ ਦੇਣ ਦੇ ਅਦਭੁੱਤ ਕੰਮ ਅਤੇ ਉਸ ਦੀ ਮਹਿਮਾ ਵਿੱਚ ਹਿੱਸਾ। ਆਓ ਅਸੀਂ ਆਪਣੇ ਭਰਾਵਾਂ ਦੇ ਲਈ ਇਸ ਦੇ ਨਾਲ ਇਹੋ ਜਿਹੀ ਪ੍ਰਾਰਥਨਾ ਕਰੀਏ ਅਤੇ ਆਪਣੇ ਭਰਾਵਾਂ ਨੂੰ ਕਹੀਏ ਕਿ ਉਹ ਵੀ ਸਾਡੇ ਲਈ ਇਸ ਦੇ ਨਾਲ ਇਹੋ ਜਿਹੀ ਪ੍ਰਾਰਥਨਾ ਕਰਨ। EC

### ਦੁੱਖ ਦੇ ਸਮੇਂ ਵਿੱਚ ਵਿਸ਼ਵਾਸਯੋਗਤਾ (1:1-12)

ਜਦੋਂ ਅਸੀਂ ਮਸੀਹੀ ਬਣਨ ਤੋਂ ਬਾਅਦ ਦੇ ਆਪਣੇ ਪਹਿਲੇ ਤਜ਼ਰਬਿਆਂ ਦੇ ਵਿਸ਼ੇ ਵਿੱਚ ਸੋਚਦੇ ਹਾਂ, ਸਭ ਤੋਂ ਵੱਧ ਸੰਭਾਵਨਾ, ਉਤਸ਼ਾਹ, ਧੰਨਵਾਦ ਅਤੇ ਭਾਈਆਂ ਦੇ ਲਈ ਪਿਆਰ ਸਾਡੇ ਪਹਿਲੇ ਕੁਝ ਘੰਟਿਆਂ ਅਤੇ ਦਿਨਾਂ ਦੇ ਸਭ ਤੋਂ ਵੱਡਾ ਹਿੱਸਾ ਸਨ। ਉਹ ਅਨੰਦ ਪ੍ਰਦਾਨ ਕਰਨ ਵਾਲੀਆਂ ਅਸੀਸਾਂ ਸਨ। ਉਨ੍ਹਾਂ ਨੇ ਵੀ ਸਾਨੂੰ ਨਵੇਂ ਜੀਵਨਾਂ ਵਿੱਚ ਬਣੇ ਰਹਿਣ ਦੇ ਲਈ ਪ੍ਰੇਰਣਾ ਪ੍ਰਦਾਨ ਕੀਤੀ ਹੈ।

ਸ਼ਾਇਦ ਸਾਡੇ ਵਿੱਚੋਂ ਕੁਝ ਲੋਕ ਇਸ ਵਿਸ਼ੇ ਵਿੱਚ ਚਿੰਤਿਤ ਹੋ ਸਕਦੇ ਹਨ ਦੂਜੇ ਕਿ ਸਾਡੇ

ਨਾਲ ਕਿਹੋ ਜਿਹਾ ਵਿਵਹਾਰ ਕਰਣਗੇ ਅਤੇ ਹੋ ਸਕਦਾ ਹੈ ਕਿ ਕਈਆਂ ਨੇ ਮਖੌਲ ਉਡਾਏ ਜਾਣ ਅਤੇ ਰੱਦ ਦਿੱਤੇ ਜਾਣ ਦਾ ਤਜ਼ਰਬਾ ਕੀਤਾ ਹੋਵੇ। ਸਾਨੂੰ ਇਨ੍ਹਾਂ ਨਾਕਾਰਾਤਮਕ ਪ੍ਰਭਾਵਾਂ ਅਤੇ ਉਸ ਨਿਰਾਸ਼ਾ ਦੇ ਨਾਲ ਨਜਿੱਠਣਾ ਸਿੱਖਣਾ ਚਾਹੀਦਾ ਸੀ ਜਿਸ ਨੂੰ ਇਹ ਲਿਆ ਸਕਦੇ ਹਨ। ਕੁਝ ਲੋਕ ਹੁਣ ਵੀ ਇਹੋ ਜਿਹੀਆਂ ਪ੍ਰਤਿਕਿਰਿਆਵਾਂ ਦੇ ਦੁਆਰਾ ਮਸੀਹ ਦੇ ਨਾਲ ਕੀਤੀ ਆਪਣੀ ਵਚਨਬੱਧਤਾ ਦੀ ਨਕਲ ਕਰ ਰਹੇ ਹੋ ਸਕਦੇ ਹਨ।

"ਬਹੁਤ ਕਸ਼ਟ," "ਬਹੁਤ ਵਿਰੋਧ" ਅਤੇ "ਦੁੱਖ" ਥੱਸਲੁਨੀਕੇ ਦੇ ਲੋਕਾਂ ਦੇ ਤਜ਼ਬਿਆਂ ਦਾ ਹਿੱਸਾ ਸਨ (1 ਥੱਸਲੁਨੀਕੀਆਂ 1:6; 2:2, 14)। ਕਿਉਂ? ਕਿਉਂਕਿ ਹੁਣ ਉਹ ਉਸ ਸ਼ਹਿਰ ਵਿੱਚ ਦੂਜਿਆਂ ਨਾਲੋਂ ਵੱਖਰੇ ਸਨ। ਹੁਣ ਇਨ੍ਹਾਂ ਮਸੀਹੀ ਘਰਾਂ ਦੇ ਵਿੱਚ ਕੋਈ ਮੂਰਤੀਆਂ ਨਹੀਂ ਸਨ। ਉਹ ਗੈਰ ਕੌਮਾਂ ਦੇ ਕਿਸੇ ਜਾਜਕ ਦੀ ਸਲਾਹ ਦੀ ਭਾਲ ਨਹੀਂ ਕਰ ਰਹੇ ਸਨ। ਉਹ ਮੰਦਿਰ ਦੇ ਬਲੀਦਾਨਾਂ ਅਤੇ ਪਵਿੱਤਰ ਜਲੂਸਾਂ ਵਿੱਚ ਲਾਪਤਾ ਹੁੰਦੇ ਸਨ। ਉਨ੍ਹਾਂ ਦੇ ਗੁਆਂਢੀ ਅਤੇ ਇੱਥੋਂ ਤੱਕ ਕਿ ਉਨ੍ਹਾਂ ਦੇ ਰਿਸ਼ਤੇਦਾਰ ਵੀ ਉਨ੍ਹਾਂ ਦੇ ਨਾਲ ਸੰਬੰਧਾਂ ਨੂੰ, ਅਧਿਕਾਰਾਂ ਅਤੇ ਸਨਮਾਨ ਨੂੰ ਖੋਹਣ ਦੇ ਰਾਹੀਂ-ਇੱਥੋਂ ਤੱਕ ਕਿ ਉਨ੍ਹਾਂ ਨੂੰ ਕੁੱਟਣ ਦੇ ਦੁਆਰਾ ਵੀ ਉਨ੍ਹਾਂ ਦੇ ਨਵੇਂ ਨਵੇਂ ਵਿਸ਼ਵਾਸ ਨੂੰ ਤਬਾਹ ਕਰਨ ਦੀ ਕੋਸ਼ਿਸ਼ ਕਰ ਰਹੇ ਸਨ। ਇਨ੍ਹਾਂ ਨਵੇਂ ਚੇਲਿਆਂ ਲਈ, ਮਸੀਹੀ ਆਜ਼ਾਦੀ ਵਿੱਚ ਸਮਾਜਿਕ ਤੌਰ ਤੇ ਛੇਕੇ ਜਾਣਾ—ਵਿਦੇਸ਼ੀਆਂ, ਗੁਲਾਮਾਂ, ਜਾਂ ਕੋੜ੍ਹੀਆਂ ਦੇ ਵਾਂਗ ਸਲੂਕ ਕੀਤਾ ਜਾਣਾ ਸ਼ਾਮਲ ਸੀ।

ਕਈਆਂ ਨੂੰ ਮਸੀਹੀ ਹੋਣ ਦੇ ਨਾਤੇ ਰੱਦ ਦਿੱਤਾ ਜਾਂਦਾ। ਪਰਮੇਸ਼ੁਰ ਦੇ ਰਾਹ ਤੇ ਚੱਲਣ ਦੇ ਕਾਰਣ ਉਨ੍ਹਾਂ ਦਾ ਮਜ਼ਾਕ ਉਡਾਇਆ ਜਾਂਦਾ ਹੈ ਜਾਂ ਉਨ੍ਹਾਂ ਦੇ ਨਾਲ ਦੁਰਵਿਵਹਾਰ ਕੀਤਾ ਗਿਆ ਜਾਂਦਾ ਹੈ। ਜਦੋਂ ਕੋਈ ਮਸੀਹੀ ਬਣਨ ਦੇ ਬਾਰੇ ਸੋਚ ਰਿਹਾ ਹੁੰਦਾ ਹੈ, ਤਾਂ ਹੋ ਸਕਦਾ ਹੈ ਕਿ ਰੱਦ ਦਿੱਤੇ ਜਾਣ ਦਾ ਖਿਆਲ ਉਸ ਨੂੰ ਪਰੇਸ਼ਾਨ ਕਰ ਰਿਹਾ ਹੋਵੇ।

ਅਜਿਹੀਆਂ ਹਾਲਤਾਂ ਵਿੱਚ ਪਰਮੇਸ਼ੁਰ ਕਿਸ ਕਿਸਮ ਦੀ ਉਤਸ਼ਾਹ ਦੇਣ ਵਾਲੀ ਮਦਦ ਪ੍ਰਦਾਨ ਕਰਦਾ ਹੈ? 2 ਥੱਸਲੁਨੀਕੀਆਂ ਵਰਗੀ ਪੱਤ੍ਰੀ ਦੇ ਦੁਆਰਾ ਉਨ੍ਹਾਂ ਦੀ ਮਦਦ ਕੀਤੀ ਜਾ ਸਕਦੀ ਹੈ। ਇੱਥੇ ਪਰਮੇਸ਼ੁਰ ਦੁਖ ਸਹਿ ਰਹੇ ਮਸੀਹੀਆਂ ਦੇ ਨਾਲ ਆਪਣੇ ਗਿਆਨ ਨੂੰ ਵੰਡ ਰਿਹਾ ਹੈ। ਜੇਕਰ ਅਸੀਂ ਪਰਮੇਸ਼ੁਰ ਦੇ ਬਾਰੇ ਇਨ੍ਹਾਂ ਮਹੱਤਵਪੂਰਣ ਸੱਚਾਈਆਂ ਨੂੰ ਸਿਖ ਲਈਏ ਕਿ ਪਰਮੇਸ਼ੁਰ ਕਿਸ ਪ੍ਰਕਾਰ ਕੰਮ ਕਰਦਾ ਹੈ, ਤਾਂ ਸਾਨੂੰ ਸਾਰਿਆਂ ਨੂੰ ਸਾਡੇ ਸੰਘਰਸ਼ਾਂ ਦੇ ਵਿੱਚ ਉਤਸ਼ਾਹ ਮਿਲੇਗਾ।

*ਪਰਮੇਸ਼ੁਰ ਆਪਣੇ ਬੱਚਿਆਂ ਦੇ ਰੂਪ ਵਿੱਚ ਸਾਡੀ ਕਦਰ ਕਰਦਾ ਹੈ* (1:1–4)। ਪਰਮੇਸ਼ੁਰ ਆਪਣੇ ਬੱਚਿਆਂ ਦੀ ਕਦਰ ਕਰਦਾ ਹੈ ਅਤੇ ਮਸੀਹੀ ਚਰਿੱਤਰ ਦੀ ਕਦਰ ਤੇ ਜ਼ੋਰ ਦਿੰਦਾ ਹੈ। ਉਨ੍ਹਾਂ ਲੋਕਾਂ ਦੇ ਲਈ ਜੋ ਆਪਣੇ ਗੁਆਂਢੀਆਂ ਦੇ ਪੱਖ ਤੋਂ ਬਾਹਰ ਕੱਢ ਦਿੱਤੇ ਗਏ ਸਨ ਅਤੇ ਹੁਣ ਵਿਰੋਧੀ ਦੇ ਰੂਪ ਵਿੱਚ ਗਿਣੇ ਜਾਂਦੇ ਸਨ, ਪਰਮੇਸ਼ੁਰ ਨੇ ਉਨ੍ਹਾਂ ਨੂੰ "ਦਯਾ" ਅਤੇ "ਸ਼ਾਂਤੀ" ਦਿੱਤੀ। ਉਨ੍ਹਾਂ ਦਾ ਸਵਰਗੀ ਪਿਤਾ ਅਤੇ ਉਨ੍ਹਾਂ ਦਾ ਮੁਕਤੀਦਾਤਾ ਉਨ੍ਹਾਂ ਦੇ ਹਾਲਾਤ ਤੋਂ ਜਾਣੂ ਸਨ ਅਤੇ ਉਨ੍ਹਾਂ ਦੀ ਭਲਾਈ ਦੇ ਲਈ ਫ਼ਿਕਰਮੰਦ ਸਨ। ਉਨ੍ਹਾਂ ਦੇ ਸਿੱਖਿਅਕਾਂ ਦਾ ਪਰਨਾਮ ਅਤੇ ਪਿਆਰ ਇਸ ਚਿੰਤਾ ਨੂੰ ਪਰਗਟ ਕਰਦਾ ਹੈ।

ਦੁਖੀ ਰੂਹਾਂ ਨੂੰ ਉਨ੍ਹਾਂ ਦੇ ਪ੍ਰਤਿ ਪਰਮੇਸ਼ੁਰ ਦੇ ਪ੍ਰੇਮ ਦੇ ਵਿਸ਼ੇ ਵਿੱਚ ਜਾਨਣਾ ਅਤੇ ਆਪਣੇ ਭਾਈਆਂ ਦੇ ਸਲਾਮ ਵਿੱਚ ਯਾਦ ਕੀਤਾ ਜਾਣਾ ਜ਼ਰੂਰੀ ਹੈ: "ਪਰਮੇਸ਼ੁਰ ਤੁਹਾਨੂੰ ਪਿਆਰ ਕਰਦਾ ਹੈ। ਪਰਮੇਸ਼ੁਰ ਤੁਹਾਡੀ ਕਦਰ ਕਰਦਾ ਹੈ। ਪਰਮੇਸ਼ੁਰ ਉਹੀ ਚਾਹੁੰਦਾ ਹੈ ਜੋ ਤੁਹਾਡੇ ਲਈ ਸਭ ਤੋਂ ਉੱਤਮ ਹੈ। ਪਿਤਾ ਅਤੇ ਪੁੱਤਰ ਦੇ ਦਿਲ ਵਿੱਚ ਤੁਹਾਡੇ ਲਈ ਪ੍ਰੇਮ ਹੈ।" ਇਸ ਤਰ੍ਹਾਂ ਦੇ ਨਾਲ

ਪ੍ਰੇਮ ਕਰਨ ਵਾਲੇ ਭਾਈ ਅਤੇ ਭੈਣਾਂ ਸਤਾਏ ਜਾ ਰਹੇ ਭੈਣ ਭਰਾਵਾਂ ਨੂੰ ਉਤਸ਼ਾਹਿਤ ਕਰ ਸਕਦੇ ਹਨ। ਸਾਨੂੰ ਆਪਣੇ ਆਪ ਦੇ ਲਈ ਵੀ ਇਨ੍ਹਾਂ ਵਿਚਾਰਾਂ ਨੂੰ ਸੁਣਨ ਦੀ ਲੋੜ ਹੈ। ਪਰਮੇਸ਼ੁਰ *ਤੁਹਾਨੂੰ* ਪਿਆਰ ਕਰਦਾ ਹੈ!

ਜੋ ਲੋਕ ਦੁਖ ਸਹਿ ਰਹੇ ਹਨ ਉਨ੍ਹਾਂ ਨੂੰ ਇਸ ਭਰੋਸੇ ਦੀ ਲੋੜ ਹੈ ਕਿ ਪਰਮੇਸ਼ੁਰ ਉਨ੍ਹਾਂ ਦੇ ਮਸੀਹੀ ਚਰਿੱਤਰ ਦੀ ਕਦਰ ਕਰਦਾ ਹੈ। ਪਿਆਰ ਅਤੇ ਵਫ਼ਾਦਾਰੀ ਅਸਲੀ ਮੁੱਲ ਹਨ, ਮੁੱਲ ਧਨ ਦੌਲਤ ਅਤੇ ਇੱਥੋਂ ਤੱਕ ਕਿ ਸਰੀਰਕ ਜੀਵਨ ਤੋਂ ਵੀ ਵੱਡੇ ਹੁੰਦੇ ਹਨ। ਵੱਧਦਾ ਹੋਇਆ ਪ੍ਰੇਮ ਅਤੇ ਵਫ਼ਾਦਾਰੀ ਕਸ਼ਟ ਸਹਿ ਸਕਦੇ ਹਨ ਅਤੇ ਦੁਸ਼ਟ ਦੇ ਬੁਰੇ ਪ੍ਰਭਾਵ ਨੂੰ ਖਤਮ ਕਰ ਸਕਦੇ ਹਨ। ਇਹ ਲੱਛਣ ਸਾਨੂੰ ਮੁਸ਼ਕਲ ਸਮੇਂ ਤੇ ਧਰਮੀ ਬਣੇ ਰਹਿਣ ਦੇ ਵਿੱਚ ਮਦਦ ਕਰ ਸਕਦੇ ਹਨ।

*ਪਰਮੇਸ਼ੁਰ ਸਾਡੇ ਦੁਖਦਾਈਆਂ ਦੇ ਨਾਲ ਲੜੇਗਾ* (1:5–10)। ਉਹ ਲੋਕ ਜੋ ਸਤਾਏ ਜਾਂਦੇ ਹਨ ਉਹ ਜ਼ਰੂਰ ਪੁੱਛ ਸਕਦੇ ਹਨ, "ਧਰਮੀ ਕਿਉਂ ਦੁਖ ਭੋਗਦੇ ਹਨ ਅਤੇ ਅਧਰਮੀ ਦੁਖ ਨਹੀਂ ਭੋਗਦੇ?" ਇਹ ਅੱਯੂਬ ਦੇ ਲਈ ਇੱਕ ਬੁਝਾਰਤ ਸੀ (ਅੱਯੂਬ 21:7–16)। ਜ਼ਬੂਰ ਲਿਖਣ ਵਾਲਾ ਅਕਸਰ ਪਰਮੇਸ਼ੁਰ ਦੇ ਨਿਆਂ ਨੂੰ ਸਮਝਣ ਦੀ ਕੋਸ਼ਿਸ਼ ਕਰਦਾ ਹੈ (ਵੇਖੋ ਜ਼ਬੂਰਾਂ ਦੀ ਪੋਥੀ 13:1; 22:1–5; 73:16)। ਅੱਜ ਮਸੀਹੀ ਇਸ ਦੇ ਨਾਲ ਸੰਘਰਸ਼ ਕਰਦੇ ਹਨ। ਅਨਿਆਂ ਸਾਡੇ ਲਈ ਦੂਸਰਿਆਂ ਤੇ ਕ੍ਰੋਧ ਕਰਨ ਦਾ ਅਤੇ ਇੱਥੋਂ ਤੱਕ ਕਿ ਪਰਮੇਸ਼ੁਰ ਨੂੰ ਰੱਦਣ ਦਾ ਕਾਰਣ ਬਣ ਸਕਦਾ ਹੈ! ਇਸ ਲਈ ਇਸ ਦੀ ਧਿਆਨ ਦੇ ਨਾਲ ਜਾਂਚ ਕੀਤੀ ਜਾਣੀ ਚਾਹੀਦੀ ਹੈ।

ਜਦੋਂ ਅਸੀਂ ਇਸ ਸਮੱਸਿਆ ਵਿੱਚ ਪਰਮੇਸ਼ੁਰ ਦੇ ਨਜ਼ਰੀਏ ਨੂੰ ਵੇਖਣ ਦੀ ਕੋਸ਼ਿਸ਼ ਕਰਦੇ ਹਾਂ, ਤਾਂ ਅਸੀਂ ਅਧਿਆਇ 1 ਵਿੱਚ ਸਮਝਾਈਆਂ ਗਈਆਂ ਦੋ ਸੱਚਾਈਆਂ ਤੇ ਭਰੋਸਾ ਕਰ ਸਕਦੇ ਹਾਂ। ਪਹਿਲਾ, ਪਰਮੇਸ਼ੁਰ ਸਤਾਉਣ ਵਾਲਿਆਂ ਦੇ ਨਾਲ ਨਜਿੱਠੇਗਾ ਅਤੇ ਨਿਆਂ ਨੂੰ ਲਿਆਵੇਗਾ। ਉਹ ਲੋਕ ਜੋ ਪਰਮੇਸ਼ੁਰ ਦੇ ਰਾਹਾਂ ਨੂੰ ਸਵੀਕਾਰ ਨਹੀਂ ਕਰਦੇ ਹਨ ਉਨ੍ਹਾਂ ਨੂੰ ਸਜ਼ਾ ਦਿੱਤੀ ਜਾਵੇਗੀ। ਇਸ ਵਿੱਚ ਉਹ ਵੀ ਸ਼ਾਮਲ ਹਨ ਜੋ ਪਰਮੇਸ਼ੁਰ ਦੇ ਲੋਕਾਂ ਨੂੰ ਸਤਾਉਂਦੇ ਹਨ।

ਪਰਮੇਸ਼ੁਰ ਦਾ ਸੱਚਾ ਨਿਆਂ ਅਪਛਚਾਤਾਪੀ ਅੱਤਿਆਚਾਰੀਆਂ ਦੇ ਉੱਤੇ ਆ ਪਵੇਗਾ। ਪਰਮੇਸ਼ੁਰ ਕੋਲ ਉਨ੍ਹਾਂ ਨੂੰ ਵੱਖਰਾ ਕਰਨ ਅਤੇ ਸਜ਼ਾ ਦੇਣ ਦਾ ਅਧਿਕਾਰ ਹੈ। ਉਹ ਉਸ ਦਾ ਵਿਰੋਧ ਕਰਨ ਦੇ ਲਈ ਚੁਣੇ ਗਏ ਹਨ, ਜਿਸ ਦੇ ਪਰਿਣਾਮ ਸਵਰੂਪ ਉਹ ਅਨੰਤ ਕਾਲ ਤੱਕ ਪਰਮੇਸ਼ੁਰ ਦੀਆਂ ਆਸੀਸਾਂ ਤੋਂ ਵਾਂਝੇ ਰਹਿਣਗੇ। ਯਿਸੂ ਨੂੰ ਰੱਦਣ ਦੇ ਦੁਆਰਾ, ਜੋ ਇਕਮਾਤਰ ਮੁਕਤੀਦਾਤਾ ਹੈ, ਉਹ ਉਸ ਦੀ ਮੁਕਤੀ ਨੂੰ ਰੱਦਦੇ ਹਨ। ਇਸ ਲਈ, ਉਨ੍ਹਾਂ ਨੇ, ਮਾਫ਼ੀ ਮੰਗਣ ਦੀ ਬਜਾਏ ਪਰਮੇਸ਼ੁਰ ਅਤੇ ਉਸ ਦੀਆਂ ਅਸੀਸਾਂ ਤੋਂ ਜੁਦਾਈ ਨੂੰ ਚੁਣ ਲਿਆ।

ਦੂਸਰਾ, ਪਰਮੇਸ਼ੁਰ ਦੁਖ ਸਹਿਣ ਵਾਲੇ ਨੂੰ ਰਾਹਤ ਦੇਵੇਗਾ। ਉਨ੍ਹਾਂ ਦੇ ਲਈ, ਦੁਰਵਿਵਹਾਰ ਤੋਂ ਅਰਾਮ ਉਨ੍ਹਾਂ ਹੀ ਨਿਸ਼ਚਤ ਹੈ ਜਿੰਨਾ ਉਨ੍ਹਾਂ ਉੱਤੇ ਅੱਤਿਆਚਾਰ ਕਰਨ ਵਾਲਿਆਂ ਦੇ ਲਈ ਸਜ਼ਾ ਨਿਸ਼ਚਤ ਹੈ। ਉਸ ਦੇ ਕੋਲ ਆਪਣੇ ਬੱਚਿਆਂ ਨੂੰ ਅਨੰਤ ਕਾਲ ਲਈ ਆਸੀਸ ਦੇਣ ਦੀ ਸ਼ਕਤੀ ਹੈ। ਉਹ ਜੋ ਉਸ ਉੱਤੇ ਆਪਣਾ ਵਿਸ਼ਵਾਸ ਰੱਖਦੇ ਹਨ ਉਨ੍ਹਾਂ ਦੇ ਕੋਲ ਉਸ ਦੀ ਮਹਾਨ ਸ਼ਕਤੀ ਵਿੱਚ ਪਹੁੰਚ ਹੈ-ਅਨੰਤ ਕਾਲ ਦੇ ਲਈ-ਪਾਪ ਅਤੇ ਇਸ ਦੇ ਨਤੀਜਿਆਂ ਤੋਂ ਮੁਕਤੀ ਪ੍ਰਾਪਤ ਕਰਨ ਦੀ ਸ਼ਕਤੀ! ਹੁਣ ਤੋਂ ਲੈ ਕੇ, ਅਨੰਤ ਕਾਲ ਤੀਕ, ਸਾਡੀ ਉਸ ਦੇ ਆਰਾਮ ਅਤੇ ਦੇਖਭਾਲ ਵਿੱਚ ਪਹੁੰਚ ਹੈ! ਉਨ੍ਹਾਂ ਲੋਕਾਂ ਦੇ ਲਈ ਕਿੰਨੀ ਰਾਹਤ ਦੀ ਗੱਲ ਹੈ ਜੋ ਲੋਕ ਯਿਸੂ ਮਸੀਹ ਵਿੱਚ ਆਪਣੇ ਵਿਸ਼ਵਾਸ ਦੇ ਕਾਰਣ ਦੁਰਵਿਵਹਾਰ ਸਹਿੰਦੇ ਹਨ!

*ਪਰਮੇਸ਼ੁਰ ਨੇ ਸਾਨੂੰ ਆਪਣੀ ਸੇਵਾ ਦੇ ਲਈ ਤਿਆਰ ਕੀਤਾ ਹੈ* (1:11, 12)। ਸਤਾਏ ਜਾ

ਰਹੇ ਸੰਤ ਪਰਮੇਸ਼ੁਰ ਦੀ ਮਦਦ ਦੇ ਨਾਲ ਭਰਪੂਰੀ ਦੇ ਜੀਵਨਾਂ ਨੂੰ ਪ੍ਰਾਪਤ ਕਰਣਗੇ। ਪਰਮੇਸ਼ੁਰ ਉਹ ਸਭ ਕੁਝ ਮੁਹੱਈਆ ਕਰੇਗਾ ਜੋ ਉਸ ਦੀ ਸੇਵਾ ਕਰਨ ਅਤੇ ਸਾਡੇ ਰੋਜ਼ਾਨਾ ਦੇ ਜੀਵਨਾਂ ਦੇ ਵਿੱਚ ਉਸ ਦੀ ਭਲਾਈ ਅਤੇ ਵਿਸ਼ਵਾਸਯੋਗਤਾ ਨੂੰ ਪਰਗਟ ਕਰਨ ਦੇ ਲਈ ਲੋੜੀਂਦਾ ਹੈ। ਸਾਡੇ ਕੋਲ ਸਮਰਥ ਹੈ-ਪਰਮੇਸ਼ੁਰ ਦੀ ਸਮਰਥ। ਜਦੋਂ ਅਸੀਂ ਅੱਤਿਆਚਾਰ ਦਾ ਸਾਹਮਣਾ ਕਰਾਂਗੇ ਤਾਂ ਉਹ ਸਾਡੀ ਮਦਦ ਕਰੇਗਾ ਕਿ ਅਸੀਂ ਉਸ ਦੀ ਸਮਰਥ ਨੂੰ ਪ੍ਰਦਰਸ਼ਿਤ ਕਰ ਸਕੀਏ।

ਜ਼ਰੂਰੀ ਹੈ ਕਿ ਅਸੀਂ ਅਜਿਹਾ ਨਾ ਸੋਚੀਏ ਕਿ ਅਸੀਂ ਇਸ ਲਈ ਬਚਾਏ ਗਏ ਹਾਂ ਕਿਉਂਕਿ ਅਸੀਂ ਪਰਮੇਸ਼ੁਰ ਦੇ ਦਾਸ ਹਾਂ; ਅਸੀਂ ਇਸ ਲਈ ਦਾਸ ਹਾਂ ਕਿਉਂਕਿ ਅਸੀਂ ਬਚਾਏ ਗਏ ਹਾਂ। ਅਸੀਂ ਉਸ ਦੀ ਦਯਾ ਦੇ ਲਈ ਅਤੇ ਉਨ੍ਹਾਂ ਅਸੀਸਾਂ ਦੇ ਲਈ ਜੋ ਇਹ ਲਿਆਉਂਦੀ ਹੈ ਧੰਨਵਾਦੀ ਹਾਂ, ਜੋ ਸਾਨੂੰ ਪਰਮੇਸ਼ੁਰ ਦੇ ਦੁਆਰਾ ਉਸ ਦੀ ਮਰਜੀ ਦੇ ਅਨੁਸਾਰ ਇਸਤੇਮਾਲ ਕੀਤੇ ਜਾਣ ਦੇ ਲਈ ਤਿਆਰ ਕਰਦੀ ਹੈ ਤਾਂ ਕਿ ਅਸੀਂ ਆਪਣੇ ਜੀਵਨਾਂ ਦੇ ਵਿੱਚ ਉਸ ਦੇ ਕੰਮਾਂ ਨੂੰ ਪਰਗਟ ਕਰ ਸਕੀਏ। ਪੌਲੁਸ ਅਫ਼ਸੀਆਂ ਦੇ ਲੋਕਾਂ ਨੂੰ ਯਾਦ ਦਿਵਾਉਂਦਾ ਹੈ, "ਕਿਉਂ ਜੋ ਤੁਸੀਂ ਕਿਰਪਾ ਤੋਂ ਨਿਹਚਾ ਦੇ ਰਾਹੀਂ ਬਚਾਏ ਗਏ ਅਤੇ ਇਹ ਤੁਹਾਡੀ ਵੱਲੋਂ ਨਹੀਂ, ਇਹ ਪਰਮੇਸ਼ੁਰ ਦੀ ਬਖ਼ਸ਼ੀਸ਼ ਹੈ। ਇਹ ਕਰਨੀਆਂ ਤੋਂ ਨਹੀਂ ਅਜਿਹਾ ਨਾ ਹੋਵੇ ਭਈ ਕੋਈ ਘੁਮੰਡ ਕਰੇ। ਕਿਉਂ ਜੋ ਅਸੀਂ ਉਹ ਦੀ ਰਚਨਾ ਹਾਂ ਜਿਹੜੇ ਮਸੀਹ ਯਿਸੂ ਵਿੱਚ ਸ਼ੁਭ ਕਰਮਾਂ ਲਈ ਰਚੇ ਗਏ . . ." (ਅਫ਼ਸੀਆਂ 2:8–10)। ਕਿਉਂਕਿ ਇਹ ਇਸ ਪ੍ਰਕਾਰ ਹੈ, "ਇਸੇ ਤਰਾਂ ਤੁਹਾਡਾ ਚਾਨਣ ਮਨੁੱਖਾਂ ਦੇ ਸਾਹਮਣੇ ਚਮਕੇ ਤਾਂ ਜੋ ਓਹ ਤੁਹਾਡੇ ਸ਼ੁਭ ਕਰਮਾਂ ਨੂੰ ਵੇਖ ਕੇ ਤੁਹਾਡੇ ਪਿਤਾ ਦੀ ਜਿਹੜਾ ਸੁਰਗ ਵਿੱਚ ਹੈ ਵਡਿਆਈ ਕਰਨ।" (ਮੱਤੀ 5:16)।

ਸਿੱਟਾ ਕੀ ਹੋਵੇਗਾ? ਲੋਕ ਸਾਡੇ ਅੰਦਰ ਯਿਸੂ ਨੂੰ ਵੇਖਣਗੇ। ਉਹ ਵੇਖਣਗੇ ਕਿ ਪਰਮੇਸ਼ੁਰ ਨੇ ਯਿਸੂ ਵਿੱਚ ਕਿਹੋ ਜਿਹਾ ਵਿਵਹਾਰ ਕੀਤਾ ਅਤੇ ਕਿਹੋ ਜਿਹਾ ਵਿਵਹਾਰ ਕਰੇਗਾ ਜਦੋਂ ਉਹ ਵੇਖਦਾ ਹੈ ਕਿ ਮਸੀਹੀ ਦੁਖ ਦੇ ਵਿੱਚ ਰਹਿ ਕੇ ਵੀ ਧਾਰਮਿਕ ਜੀਵਨ ਜੀ ਰਹੇ ਹਨ। ਇਹ ਯਿਸੂ ਦੀ ਮਹਿਮਾ ਅਤੇ ਆਦਰ ਦੇ ਲਈ ਹੋਵੇਗਾ।

*ਸਿੱਟਾ।* ਮਸੀਹੀ ਜੀਵਨ ਇੱਕ ਪਰਿਵਰਤਨ ਦਾ ਜੀਵਨ ਹੈ। ਇੱਕ ਵਿਅਕਤੀ ਜੋ ਸ਼ਤਾਨ ਦੀ ਸੇਵਾ ਕਰ ਰਿਹਾ ਸੀ ਆਗਿਆਕਾਰੀ ਦੇ ਵਿੱਚ ਪਰਮੇਸ਼ੁਰ ਦੇ ਵੱਲ ਮੁੜਦਾ ਹੈ ਅਤੇ ਉਸ ਨੂੰ ਮਾਫ਼ ਕਰ ਦਿੱਤਾ ਜਾਂਦਾ ਹੈ। ਯਿਸੂ ਦੀ ਆਮਦ ਵੀ ਇੱਕ ਵੱਡੇ ਪਰਿਵਰਤਨ ਨੂੰ ਲਿਆਵੇਗੀ। ਜੋ ਆਰਾਮ ਵਿੱਚ ਹਨ ਉਹ ਦੁਖੀ ਹੋ ਜਾਣਗੇ ਅਤੇ ਜੋ ਦੁਖ ਵਿੱਚ ਹਨ ਉਨ੍ਹਾਂ ਨੂੰ ਦਿਲਾਸਾ ਦਿੱਤਾ ਜਾਵੇਗਾ। ਸਿਰਫ ਉਹ ਲੋਕ ਜੋ ਪਰਮੇਸ਼ੁਰ ਦੀ ਵੱਲ ਰਹਿੰਦੇ ਹਨ ਉਨ੍ਹਾਂ ਦੇ ਬਾਰੇ ਇਹ ਗੱਲ ਪਰਗਟ ਕੀਤੀ ਜਾਵੇਗੀ ਕਿ ਉਨ੍ਹਾਂ ਨੇ ਹੀ ਸਹੀ ਅਰਥ ਵਿੱਚ ਕੀਮਤੀ ਜੀਵਨ ਬਿਤਾਇਆ ਹੈ।

ਉਨ੍ਹਾਂ ਸੰਤਾਂ ਦੇ ਲਈ ਜੋ ਦੁਖ ਸਹਿ ਰਹੇ ਹਨ ਇਹ ਕਿੰਨਾ ਮਹਾਨ ਸੰਦੇਸ਼ ਹੈ! ਜਦੋਂ ਮਸੀਹ ਦੇ ਪਿੱਛੇ ਚੱਲਣ ਦੇ ਕਾਰਣ ਸਾਡੇ ਨਾਲ ਬੁਰਾ ਵਿਵਹਾਰ ਹੁੰਦਾ ਹੈ, ਤਾਂ ਸਾਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਇਹ ਸਭ ਤੋਂ ਵੱਡਾ ਮਾਣ ਹੈ। ਇਹ ਟ੍ਰਾਫੀਆਂ ਅਤੇ ਬੈਚਾਂ ਤੋਂ ਵੀ ਕੀਮਤੀ ਹੈ, ਵਿਦਿਅਕ ਡਿਗਰੀਆਂ ਅਤੇ ਸਨਮਾਨਿਤ ਵਿਅਕਤੀਆਂ ਦੀਆਂ ਸੂਚੀਆਂ ਤੋਂ ਵੀ ਵੱਧ ਕੇ, ਸਾਡੇ ਨਾਮ ਛਾਪੇ ਜਾਣ ਜਾਂ ਰੌਸ਼ਨੀ ਵਿੱਚ ਲਿਆਏ ਜਾਣ ਤੋਂ ਵੀ ਵੱਧ ਕੇ ਹੈ। ਅਸੀਂ ਬ੍ਰਹਿਮੰਡ ਦੇ ਪਰਮੇਸ਼ੁਰ ਦੇ ਆਦਰ ਅਤੇ ਮਹਿਮਾ ਵਿੱਚ ਭਾਗੀ ਹੋਏ ਹਾਂ!

ਭਾਵੇਂ ਅਸੀਂ ਭਲਾ ਕਰਕੇ ਵੀ ਦੁਖ ਝੱਲ ਰਹੇ ਹਾਂ, ਪਰ ਅਰਾਮ ਦਿੰਦਾ ਹੈ। ਜਦੋਂ ਅਸੀਂ ਉਨ੍ਹਾਂ ਲੋਕਾਂ ਦੀ ਮਦਦ ਕਰ ਰਹੇ ਹਾਂ ਜਿਨ੍ਹਾਂ ਨਾਲ ਬੇਇਨਸਾਫ਼ੀ ਝੱਲ ਰਹੇ ਹਨ, ਤਾਂ ਅਸੀਂ ਉਨ੍ਹਾਂ ਦੇ ਨਾਲ ਦਿਲਾਸੇ ਨੂੰ ਸਾਂਝਾ ਕਰਦੇ ਹਾਂ। ਇੱਥੋਂ ਤੱਕ ਕਿ ਪ੍ਰਤਿਕੂਲ ਹਾਲਤਾਂ ਵਿੱਚ ਵੀ, ਹੁਣ ਅਸੀਂ

ਲਾਭਦਾਇਕ ਜੀਵਨ ਗੁਜ਼ਾਰ ਸਕਦੇ ਹਾਂ, ਇਹ ਜਾਣਦੇ ਹੋਏ ਕਿ ਅਸੀਂ ਅਨੰਤ ਕਾਲ ਵਿੱਚ ਸਨਮਾਨਿਤ ਜੀਵਨ ਜੀਵਾਂਗੇ! TP

---

ਟਿੱਪਣੀਆਂ

[1]ਏ. ਟੀ. ਰੋਬਰਟਸਂਨ, *ਦ ਏਪਿਸਲਸ ਆਫ਼. ਪੌਲ*, ਜਿਲਦ 4, *ਵਰਡ ਪਿਕਚਰਜ਼ ਇਨ ਦ ਨਿਊ ਟੈਸਟਾਮੈਂਟ* (ਨੈਸ਼ਵਿਲ: ਬ੍ਰੋਡਮੈਨ ਪ੍ਰੈੱਸ, 1931), 41. [2]ਸੀ. ਐਫ. ਹੋਗ ਅਤੇ ਡਬਲਿਯੂ. ਈ. ਵਾਇਨ, *ਦ ਏਪਿਸਲਸ ਆਫ਼. ਪੌਲ ਦ ਅਪੋਸਲ ਟੂ ਦ ਥੈਸਾਲੋਨਿਅਨਸ* (ਸ਼ਰੇਵਪੋਰਟ, ਲੁਇਸਿਆਨਾ: ਲੈਂਬਰਟ ਪਬਲਿਸ਼ਿੰਗ ਕੰਪਨੀ, 1977), 218. [3]*ਦੀ ਐਕਸਪੋਜ਼ਿਟਰਸ ਬਾਈਬਲ ਕਮੈਂਟ੍ਰੀ*, ਸੰਪਾਦਨ ਫ੍ਰੈਂਕ ਈ. ਗੇਬੇਲਾਇਨ (ਗ੍ਰੈਂਡਰੈਪਿਡਸ, ਮਿਸ਼ੀਗਨ: ਜੋਂਡਰਵਨ, 1978), 11:309 ਵਿੱਚ ਰੋਬਰਟ ਐਲ. ਥੋਮਸ, "2 ਥੈਸਾਲੋਨਿਅਨਸ"। [4]ਐਫ. ਐਫ. ਬਰੂਸ, *1 ਅਤੇ 2 ਥੈਸਾਲੋਨਿਅਨਸ,* ਵਰਡ ਬਿਬਲੀਕਲ ਕਮੈਂਟਰੀ, ਜਿਲਦ 45 (ਵੇਕੋ, ਟੈਕਸਾਸ: ਵਰਲਡ ਬੁਕਸ, 1982), 149. [5]ਡੇਵਿਡ ਜੇ. ਵਿਲੀਅਮਜ਼, *1 ਐਂਡ 2 ਥੈਸਾਲੋਨਿਅਨਸ,* ਨਿਊ ਇੰਟਰਨੈਸ਼ਨਲ ਬਿਬਲੀਕਲ ਕਮੈਂਟਰੀ: ਨਿਊ ਟੈਸਟਾਮੈਂਟ ਸੀਰੀਜ਼, ਜਿਲਦ 12 (ਪੀਬੌਡੀ, ਮਾਸਚਿਊਸੇਟਸ: ਹੈਂਡਰਿਕਸਨ ਪਬਲਿਸ਼ਰਜ਼, 1992), 113–14. [6]ਥੋਮਸ, 312. [7]ਹੋਗ ਐਂਡ ਵਾਇਨ, 231. [8]ਰੋਬਰਟਸਂਨ, 44. [9]ਜੇ. ਈ. ਫਰੇਮ, *ਏ ਕ੍ਰਿਟੀਕਲ ਐਂਡ ਐਕਸਿਜੀਟੀਕਲ ਕਮੈਂਟਰੀ ਔੱਨ ਦ ਸੈਂਟ ਪਾੱਲ ਟੂ ਦ ਥੈਸਾਲੋਨਿਅਨਸ,* ਦ ਇੰਟਰਨੈਸ਼ਨਲ ਕ੍ਰਿਟੀਕਲ ਕਮੈਂਟਰੀ (ਨਿਊਯਾਰਕ: ਚਾਰਲਸ ਸਕਰਿਬਨਰਜ਼ ਸੰਨਜ਼, 1912; ਮੁੜ ਛਾਪਿਆ ਹੋਇਆ, ਏਡਿਨਬਰਗ: ਟੀ. ਐਂਡ ਟੀ. ਕਲਾਰਕ, 1988), 234. [10]ਮਾਰਵਿਨ ਆਰ. ਵਿਨਸੇਂਟ, *ਵਰਡ ਸਟੱਡੀਜ਼ ਇਨ ਨਿਊ ਟੈਸਟਾਮੈਂਟ* (ਗ੍ਰੈਂਡਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਅਰਡਮੰਸ ਪਬਲਿਸ਼ਿੰਗ ਕੰਪਨੀ, 1946), 4:61.

[11]ਵਿਲੀਅਮਜ਼, 117. [12]ਰੋਬਰਟਸਂਨਜ਼, 46. [13]ਜੋਰਜ ਮੈੱਕਡਾਨਲਡ, *ਅਨਸਪੋਕਸ ਸਰਮਨਜ਼,* ਸੀਰੀਜ਼, "ਦ ਹੈਂਡਸ ਆਫ ਦੀ ਫਾਦਰ" (http://www.johannesen.com/SermonsSeries1.htm); ਇੰਟਰਨੈੱਟ; 22 ਮਈ 2008 ਨੂੰ ਵੇਖਿਆ ਗਿਆ। [14]ਰੋਨਾਲਡ ਏ. ਵਾਰਡ, *1 ਐਂਡ 2 ਥੈਸਾਲੋਨਿਅਨਸ* (ਵੇਕੋ, ਟੈਕਸਾਸ: ਵਰਡ ਬੁਕਸ, 1973), 147.